# ਸਮਰਪਣ



ਧਰਮ ਭਰਾ ਸ਼੍ਰਮਣੋਪਾਸਕ

ਸ਼੍ਰੀ ਪੁਰਸ਼ੋਤਮ ਜੈਨ

ਨੂੰ

10 ਨਵੰਬਰ 2016

ਨੂੰ ਭੇਂਟ

– ਰਵਿੰਦਰ ਜੈਨ
ਮਾਲੇਰਕੋਟਲਾ





# ਵੈਰਾਗਯ ਸ਼ਤਕ

**(Vairagya Shatak)**


ਮੂਲ ਲੇਖਕ :

ਕਵਿ ਪਦਮਨੰਦੀ

ਟੀਕਾਕਾਰ :

ਡਾ. (ਸ਼੍ਰੀਮਤੀ) ਲਲਿਤਾ ਸਿੰਘ

ਪੰਜਾਬੀ ਅਨੁਵਾਦਕ :

ਪੁਰਸ਼ੋਤਮ ਜੈਨ – ਰਵਿੰਦਰ ਸਿੰਘ




# ਵੈਰਾਗਯ ਸ਼ਤਕ



ਆਕ੍ਰਿਤੀ ਵਾਲੀ, ਸੁੰਦਰ ਨਵ ਜੋਬਨ ਵਾਲੇ ਸਰੀਰ ਦਾ ਸੰਗਮ ਜਿਨ੍ਹਾਂ ਰਾਹੀਂ ਛੱਡ ਦਿੱਤਾ ਗਿਆ, ਅਜਿਹੇ ਧਰਤੀ ਦੇ ਯੋਗੀਆਂ ਤੋਂ ਹਾਰਿਆ ਹੋਇਆ ਕਾਮਦੇਵ ਵੀ ਕੀ ਵਿਗਾੜ ਸਕਦਾ ਹੈ ?

(8)

ਇਸਤਰੀਆਂ ਦੀ ਕਥਾ ਰੂਪੀ ਬੇਲ ਜੋ ਸ਼ਿੰਗਾਰ ਰੂਪੀ ਅੰਮ੍ਰਿਤ ਦੇ ਸਿੰਜੇ ਸੁੰਦਰਤਾ ਵਾਲੇ ਹਨ, ਬਕਰ ਰੂਪੀ ਪੱਤੀਆਂ ਵਾਲੇ ਸੁਸ਼ੋਭਿਤ ਅਤੇ ਖਿੜੇ ਸੁੰਦਰ ਫੁੱਲਾਂ ਦੇ ਮੇਲ ਨਾਲ ਮਨ ਨੂੰ ਹਰਨ ਵਾਲੀ ਹੈ, ਅਜਿਹੀ ਸੁੰਦਰੀ ਨੂੰ ਜਿਨ੍ਹਾਂ ਬ੍ਰਹਮਚਰਜ ਰੂਪੀ ਵਰਤ ਦੀ ਅੱਗ ਨਾਲ ਨਾ ਚਹੁ ਪਾਸੇ ਨੂੰ ਭਸਮ ਕਰ ਦਿੱਤਾ ਹੈ, ਉਸ ਦਾ ਹੁਲੀਆ ਕਾਮਦੇਵ ਕੀ ਵਿਗਾੜ ਸਕਦਾ ਹੈ ?

(9)

ਕੁਝ ਕੁਝ ਲਾਲ ਅੱਖਾਂ ਵਾਲੀ ਕਾਮੁਕ ਇਸਤਰੀਆਂ ਦੇ ਰਾਹੀਂ ਲਗਾਤਾਰ ਅਤੇ ਤਰ੍ਹਾਂ ਤਰ੍ਹਾਂ ਦੇ ਤਿੱਖੇ ਕਟਾਕਸ਼ ਰੂਪੀ ਬਾਨਾਂ ਦਾ ਸਮੂਹ ਅਨੇਕਾਂ ਵਾਰ ਸੁਟਿਆ ਗਿਆ , ਪਰ ਜਿਨ੍ਹਾਂ ਦੇ ਕੋਲ ਸ਼ੁੱਧ ਵਿਵੇਕ ਰੂਪੀ ਬੱਜਰ ਦਾ ਕਵਚ ਹਮੇਸ਼ਾ ਚਹੁੰ ਪਾਸੇ ਘੁੰਮਦਾ ਹੈ, ਉਸ ਕਾਮਦੇਵ ਦੀ ਲੀਲਾ ਨੂੰ ਪ੍ਰਾਸ਼ਚਿਤ ਕਰ ਦੇਣ ਵਾਲੇ ਨੂੰ ਇਹ ਨਿਸ਼ਚੈ ਹੀ ਕੀ ਕਰੇਗਾ ?

(10)

ਇਹ ਹਥਨੀ ਦੀ ਚਾਲ ਵਾਲੀ ਪ੍ਰੇਮਿਕਾ ਅੱਗੇ ਤੇ ਪਿੱਛੇ ਵਿਖਾਈ ਦਿੰਦੀ ਹੈ। ਉਹ ਧਰਤੀ ਤੇ ਅਕਾਸ਼ ਤੇ ਵੀ ਵਿਖਾਈ ਦਿੰਦੀ ਹੈ, ਹੋਰ ਤਾਂ ਕੀ ? ਹਰ ਪਾਸੇ ਹਮੇਸ਼ਾ ਵਿਖਾਈ ਦਿੰਦੀ ਹੈ। ਜਦ ਤੱਕ ਕਾਮਦੇਵ ਦੀ ਸੰਗਤ ਦੇ ਰਸ ਵਿੱਚ



# ਅਨੁਵਾਦਕਾਂ ਵੱਲੋਂ

ਪਦਮਨੰਦੀ ਕਵਿ ਦੁਆਰਾ ਰਚਿਤ ਵੈਰਾਗ ਸ਼ਤਕ ਇੱਕ ਮਹੱਤਵਪੂਰਨ ਸੰਸਕ੍ਰਿਤ ਰਚਨਾ ਹੈ ਜਿਸ ਵਿੱਚ ਸੰਸਕ੍ਰਿਤ ਦੀ ਸ਼ਤਕ (100) ਸ਼ਲੋਕਾਂ ਦੀ ਪਰੰਪਰਾ ਦਾ ਪਾਲਣ ਕੀਤਾ ਗਿਆ ਹੈ। ਪਦਮਨੰਦੀ ਨੇ ਆਪਣਾ ਥੋੜ੍ਹਾ ਜਿਹਾ ਪਰਿਚੈ ਖ਼ੁਦ ਹੀ ਦਿੱਤਾ ਹੈ।

ਆਪ ਨਾਗਪੁਰ ਦੇ ਰਹਿਣ ਵਾਲੇ ਸਨ। ਆਪ ਖ਼ਾਨਦਾਨੀ ਜੈਨ ਸਨ। ਉਹਨਾਂ ਦੇ ਸਮੇਂ ਜੈਨ ਧਰਮ ਬਹੁਤ ਫੈਲਿਆ ਹੋਇਆ ਸੀ। ਉਹਨਾਂ ਦੇ ਪਿਤਾ ਸੇਠ ਸ਼੍ਰੀ ਧਨਦੇਵ ਸਨ ਜੋ ਧਾਰਮਿਕ ਵਿਰਕਤੀ ਦ ਧਨੀ ਸਨ। ਜਿਹਨਾਂ ਖਰਤਰ ਗੱਛ ਦੇ ਅਚਾਰਿਆ ਜਿਨ ਬਲਭਸੂਰੀ ਜੀ ਦੀ ਪ੍ਰੇਰਨਾ ਨਾਲ ਨਾਗਪੁਰ ਵਿਖੇ ਤੀਰਥੰਕਰ ਨੇਮਿਨਾਥ ਦਾ ਮੰਦਿਰ ਬਣਾਇਆ ਸੀ।

ਕਵਿ ਆਪਣੇ ਤੋਂ ਪਹਿਲਾਂ ਹੋਏ ਸ਼ਤਕ ਲੇਖਕਾਂ ਤੋਂ ਕਾਫ਼ੀ ਪ੍ਰਭਾਵਿਤ ਜਾਪਦਾ ਹੈ। ਇਸ ਰਚਨਾਂ ਵਿੱਚ ਛੰਦ, ਅਲੰਕਾਰ ਦਾ ਖਾਸ ਧਿਆਨ ਰੱਖਿਆ ਗਿਆ ਹੈ। ਇਸ ਰਚਨਾ ਦਾ ਸਮਾਂ ਵਿਕਰਮ ਦੀ 12ਵੀਂ ਸਦੀ ਤੋਂ ਬਾਅਦ ਦਾ ਹੈ।

ਹਥਲੀ ਰਚਨਾ ਵਿੱਚ ਸੰਸਾਰ ਦੀ ਖਿਨ-ਭੰਗੁਰਤਾ ਦਾ ਉਪਦੇਸ਼ ਦਿੱਤਾ ਗਿਆ ਹੈ। ਅਸੀਂ ਇਸ ਪ੍ਰਾਚੀਨ ਜੈਨ ਰਚਨਾ ਦਾ ਪੰਜਾਬੀ ਅਨੁਵਾਦ ਉਪ-ਪ੍ਰਵਰਤਨੀ, ਸੰਥਾਰਾ ਸਾਧਿਕਾ, ਜੈਨ ਜਯੋਤੀ, ਜਿਨ ਸ਼ਾਸਨ ਪ੍ਰਭਾਵਿਕਤਾ ਸਾਧਵੀ ਸ਼੍ਰੀ ਸਵਰਨ ਕਾਂਤਾ ਜੀ ਮਹਾਰਾਜ ਜੀ ਦੀ ਪ੍ਰਮੁੱਖ ਚੇਲੀ ਸ਼ਾਸਨ ਪ੍ਰਭਾਵਿਕਾ ਉੱਤਰ-ਭਾਰਤ-ਪ੍ਰਵਰਤਨੀ ਸਾਧਵੀ ਸ਼੍ਰੀ ਸੁਧਾ ਜੀ ਮਹਾਰਾਜ ਦੀ ਪ੍ਰੇਰਨਾ ਨਾਲ ਕੀਤਾ ਹੈ। ਅਸੀਂ ਪੂਰੀ ਕੋਸ਼ਿਸ਼ ਕੀਤੀ ਹੈ ਕਿ ਅਨੁਵਾਦ ਮੂਲ ਅਨੁਵਾਦ ਨੂੰ ਛੂਹੇ। ਗਲਤੀਆਂ ਲਈ ਪਾਠਕਾਂ ਤੋਂ ਖ਼ਿਮਾ ਮੰਗਦੇ ਹਾਂ।

**ਮਿਤੀ 31 ਮਾਰਚ, 2016** **ਪੁਰਸ਼ੋਤਮ ਜੈਨ – ਰਵਿੰਦਰ ਸਿੰਘ**
**ਮੰਡੀ ਗੋਬਿੰਦਗੜ੍ਹ।**

(1)

ਜੋ ਇੱਕੋ ਸਮੇਂ ਤਿੰਨ ਲੋਕਾਂ ਨੂੰ ਹੱਥ ਉੱਪਰ ਟਿਕੇ ਕਮਲ ਦੀ ਤਰ੍ਹਾਂ ਵੇਖਦਾ ਹੈ, ਆਪਣੀ ਬਾਣੀ ਦੇ ਰਾਹੀਂ ਜੋ ਪ੍ਰਾਣੀਆਂ ਨੂੰ ਕਲਿਆਣਕਾਰੀ ਉਪਦੇਸ਼ ਆਖਦੇ ਹਨ, ਅਦਭੁੱਤ ਵਿਧੀਆਂ ਦੇ ਨਾਲ ਦੇਵ ਅਤੇ ਅਸੁਰਾਂ ਦੇ ਰਾਹੀਂ ਪੂਜਿਤ ਅਤੇ ਭੈ, ਵਿਲਾਸ ਅਤੇ ਹਾਸੇ ਤੋਂ ਉਤਪੰਨ ਭਰਮ ਰਹਿਤ ਉਹ ਭਗਵਾਨ ਜਿਨੇਸ਼ਵਰ ਸਾਡੀ ਰੱਖਿਆ ਕਰਨ।

(2)

ਜਿਨ੍ਹਾਂ ਨੇ ਵਿਵੇਕ ਰੂਪੀ ਵਜਰ ਦੇ ਫੈਲਦੇ ਹੋਏ ਕਰੋਧ ਆਦਿ ਰੂਪੀ ਪਰਬਤ ਸਥਿਰ ਕਰ ਦਿੱਤੇ ਹਨ, ਜਿਨ੍ਹਾਂ ਰਾਹੀਂ ਯੋਗ ਅਭਿਆਸ ਰੂਪੀ ਕੁਹਾੜੀ ਨਾਲ ਮੋਹ ਰੂਪੀ ਦਰੱਖ਼ਤ ਨੂੰ ਮਿੱਧ ਦਿੱਤਾ ਹੈ, ਜਿਨ੍ਹਾਂ ਰਾਹੀਂ ਸੰਜਮ ਤੇ ਸਿੱਧ-ਮੰਤਰ ਵਿਧੀ ਨਾਲ ਵਧੇ ਕਾਮ ਬੁਖਾਰ ਨੂੰ ਬੰਨ੍ਹ ਦਿੱਤਾ ਹੈ, ਮੁਕਤੀ ਦੇ ਸੁਖ ਸੰਪਰਕ ਦੇ ਰਸਿਕ ਅਜਿਹੇ ਯੋਗੀਆਂ ਦੀ ਅਸੀਂ ਵੰਦਨਾ ਕਰਦੇ ਹਾਂ।

(3)

ਜਿਨ੍ਹਾਂ ਰਾਹੀਂ ਡੂੰਘੇ ਪ੍ਰੇਮ ਵਿੱਚ ਡੁੱਬੀ ਪ੍ਰੇਮਿਕਾ ਵੀ ਨਿਸ਼ਚੇ ਹੀ ਪਿਸ਼ਾਚਨੀ ਦੀ ਤਰ੍ਹਾਂ ਛੱਡ ਦਿੱਤੀ ਗਈ, ਸੱਪਣੀ ਦੀ ਤਰ੍ਹਾਂ ਲੱਛਮੀ ਵੀ ਦੂਰ ਤੋਂ ਛੱਡ ਕੇ ਚਲੀ ਗਈ, ਭਿੰਨ-ਭਿੰਨ ਪ੍ਰਕਾਰ ਦੇ ਝਰੋਖਿਆਂ ਵਾਲੇ ਸੁੰਦਰ ਮਨਭਾਉਂਦੇ ਮਹਿਲ ਨੂੰ ਵੀ ਜਿਨ੍ਹਾਂ ਬੰਬੀ ਦੀ ਤਰ੍ਹਾਂ ਛੱਡ ਦਿੱਤਾ ਹੈ, ਇਸ ਪ੍ਰਕਾਰ ਨਾਲ ਅਨਾਸਕਤ ਭਾਵ ਤੋਂ ਸੁਸ਼ੋਭਿਤ, ਉਹ ਸੱਜਣ ਪੁਰਸ਼ ਇਸ ਧਰਤੀ ਉੱਪਰ ਖੁਸ਼ ਹੋਣ।



(4)

ਜੋ ਪਰਾਈ ਨਿੰਦਾ ਵਿੱਚ ਗੂੰਗੇ ਹਨ, ਪਰਾਈ ਇਸਤਰੀ ਉੱਪਰ ਮਾੜੀ ਨਜ਼ਰ ਰੱਖਣ ਤੋਂ ਵੀ ਅੰਨ੍ਹੇ ਹਨ, ਪਰਾਏ ਧਨ ਨੂੰ ਚੋਰੀ ਕਰਨ ਵਿੱਚ ਲੰਗੜੇ ਹਨ, ਉਹ ਮਹਾਂਪੁਰਖ ਸੰਸਾਰ ਦੇ ਸ੍ਰੇਸ਼ਠ ਹਨ ਭਾਵ ਸੰਸਾਰ ਉੱਪਰ ਜਿੱਤ ਹਾਸਲ ਕਰਨ ਵਾਲੇ ਜੇਤੂ ਹਨ।

(5)

ਉਹ ਵੱਖ ਰੂਪ ਵਿੱਚ ਸੁਸ਼ੋਭਿਤ ਹੁੰਦਾ ਹੋਇਆ ਅਦਭੁੱਤ ਯੋਗੀਸ਼ਵਰ ਜੋ ਕਰੋਧ ਵਿੱਚ ਦੁਖੀ ਨਹੀਂ ਹੁੰਦਾ ਅਤੇ ਨਾ ਖੁਸ਼ਾਮਦ ਵਿੱਚ ਆਨੰਦ ਮਾਨਦਾ ਹੈ, ਨਾ ਬਦਬੂ ਤੋਂ ਦੁਖੀ ਹੁੰਦਾ ਹ ਅਤੇ ਨਾ ਖੁਸ਼ਬੂ ਵਿੱਚ ਖ਼ੁਸ਼ ਹੁੰਦਾ ਹੈ, ਨਾ ਔਰਤਾਂ ਦੀ ਸੁੰਦਰਤਾ ਵਿੱਚ ਡੁੱਬਦਾ ਹੈ ਅਤੇ ਨਾ ਹੀ ਮਰੇ ਕੁੱਤੇ ਨਾਲ ਦਵੇਸ਼ ਕਰਦਾ ਹੈ, ਉਹ ਸੰਸਾਰ ਜੇਤੂ ਹੁੰਦਾ ਹੈ।

(6)

ਬਿਨਾਂ ਸ਼ੁੱਧ ਹਿਰਦੇ ਵਾਲੇ ਪੁਰਸ਼ਾਂ ਦਾ ਦਿਲ ਹਮੇਸ਼ਾ ਨਾ ਤਾਂ ਮਿੱਤਰ ’ਤੇ ਖ਼ੁਸ਼ ਹੁੰਦਾ ਹੈ ਅਤੇ ਨਾ ਚੁਗਲਖੋਰਾਂ ਪ੍ਰਤੀ ਵੈਰ ਰੱਖਦਾ ਹੈ, ਨਾ ਸੰਸਾਰਿਕ ਕਾਮ ਭੋਗਾਂ ਵੱਲ ਖਿੱਚ ਰੱਖਦਾ ਹੈ, ਨਾ ਤਪੱਸਿਆ ਵਿੱਚ ਕਸ਼ਟ ਦਾ ਅਨੁਭਵ ਕਰਦਾ ਹੈ, ਨਾ ਰਤਨ ਵਿੱਚ ਖਿੱਚ ਹਾਸਲ ਕਰਦਾ ਹੈ ਅਤੇ ਨਾ ਪੱਥਰ ਦੇ ਪ੍ਰਤੀ ਦਵੇਸ਼ ਰੱਖਦਾ ਹੈ, ਉਹ ਯੋਗੀ ਹੀ ਸੱਚਾ ਯੋਗੀ ਹੈ।

(7)

ਸੁੰਦਰਤਾ ਦੀ ਸੰਪਤੀ ਵਾਲੇ, ਭਿੰਨ ਕਲਾਵਾਂ ਵਿੱਚ ਲੱਗੇ ਹੋਏ, ਸੁੰਦਰਤਾ ਨਾਲ ਪੁਸ਼ਟ ਅਤੇ ਉੱਨਤ ਅਲਹੜ ਚਾਲ ਵਾਲੀ ਨਾਗ ਕੰਨਿਆ ਦੀ ਤਰ੍ਹਾਂ ਸੁੰਦਰ

ਚੰਗੀਆਂ ਕੌਮ ਨਾਲ ਹੀ ਉਹ ਧਰਤੀ ਪਵਿੱਤਰ ਕੀਤੀ ਗਈ ਹੈ। ਅਜਿਹਾ ਮੈਂ ਮੰਨਦਾ ਹਾਂ।

(21)

ਜਿਵੇਂ ਚੇਤ ਮਹੀਨੇ ਵਿੱਚ ਝੂਲੇ ਉੱਪਰ ਬੈਠੀਆਂ ਹੋਈਆਂ ਵਿਲਾਸ ਵਾਲੀਆਂ ਕੁੜੀਆਂ ਦੇ ਰਾਹੀਂ ਕੀਤੀਆਂ ਜਾਣ ਵਾਲੀਆਂ ਅਦਭੁੱਤ ਹਰਕਤਾਂ ਨੂੰ ਵੇਖ ਕੇ ਬਚਿੱਤਰ ਮੰਜਰੀਆਂ ਦੇ ਭਾਰ ਨਾਲ ਹੋਣ ਦੇ ਬਹਾਨੇ ਕਮਲ ਵੀ ਰੋਮਾਂਚਿਤ ਹੋ ਗਿਆ ਹੈ, ਅਜਿਹੇ ਚੇਤ ਮਹੀਨੇ ਵਿੱਚ ਵੀ ਆਪਣੀ (ਗਿਆਨੀ) ਬਚਨ ਦੇ ਰਹੱਸ ਵਿੱਚ ਡੁੱਬੇ ਮਨ ਵਾਲੇ ਜਿਨ੍ਹਾਂ ਯੋਗੀਆਂ ਦਾ ਮਨ ਕਾਮ ਪੀੜਾ ਤੋਂ ਬਿਲਕੁਲ ਨਹੀਂ ਘਬਰਾਉਂਦਾ, ਨਿਸ਼ਚਿਤ ਹੀ ਉਹ ਜੀਵ ਧਨ ਹੈ।

(22)

ਸਵਾਧਿਆਏ ਰੂਪੀ ਉੱਤਮ ਗੀਤ ਦੀ ਸੰਗਤ ਕਰਨ ਵਾਲੇ, ਸੰਤੋਖ ਰੂਪੀ ਫੁੱਲਾਂ ਤੋਂ ਰੋਮਾਂਚਿਤ, ਯਥਾਰਥ ਗਿਆਨ ਰੂਪੀ ਵਿਲਾਸ ਮੰਡਪ ਵਿੱਚ ਸਥਿਰ ਸ੍ਰੇਸ਼ਟ ਧਿਆਨ ਰੂਪੀ ਵਿਲਾਸ ਆਸਨ ਦਾ ਆਸਰਾ ਲੈ ਕੇ ਤਤਵਾਰਥ ਗਿਆਨ (ਖਿਮਾ) ਰੂਪੀ ਇਸਤਰੀ ਦਾ ਸੰਗ ਕਰਨ ਵਾਲੇ ਇੱਕੋ ਇੱਕ ਨਿਰਵਾਨ ਦੇ ਸੁੱਖ ਦੇ ਇੱਛੁਕ ਮਨ ਵਾਲੇ ਰਾਤ ਗੁਜਾਰਦੇ ਹਨ, ਉਹ ਹੀ ਧਨ ਹਨ।

(23)

ਹੇ ਚੰਚਲ ਅੱਖਾਂ ਵਾਲੀ ! ਤਿੱਖੇਪਨ ਦੇ ਕਪਟ ਦਾ ਕੀ ਲਾਭ ? ਕ੍ਰਿਆਹੀਣ ਅੰਗਾਂ ਦੇ ਹਰਕਤ ਅਤੇ ਅੰਗੜਾਈ ਅਤੇ ਉਬਾਸੀ ਆਦਿ ਨਾਲ ਕੀ ਹੋਵੇਗਾ ? ਹਰ ਅੰਗ ਵਿਖਾਉਣ ਦੀ ਛੇਤੀ ਕਰਨ ਦਾ ਕੀ ਮਤਲਬ ਹੈ ? ਖੁਸ਼ੀ ਨਾਲ ਖੁਸ਼ਾਮਦ ਦਾ ਕੀ ਲਾਭ ? ਮੇਰੇ ਲਈ ਤੁਸੀਂ ਬੇਅਰਥ ਹੀ ਆਪਣੀ ਜਾਨ ਨੂੰ



ਲੀਨ ਸੀ ਤਦ ਤੱਕ ਹੀ ਤੁਹਾਡੀ ਇਹ ਹਾਲਤ ਸੀ। ਪਰ ਇਹ ਕਿਸ ਤਰ੍ਹਾਂ ਦੀ ਸਮਾਧੀ ਹੈ ਜੋ ਤੁਸੀਂ ਉਸ ਸਮੇਂ ਸਾਹਮਣੇ ਖੜ੍ਹੀ ਹੋਈ ਨੂੰ ਨਹੀਂ ਵੇਖ ਰਹੇ ਹੋ।

(11)

ਹੇ ਭਾਈ ! ਪੁਸ਼ਟ ਸਰੀਰ ਵਾਲੀ ਤੇ ਸਰੀਰ ਨਾਲ ਸੰਜੋਗ ਹੋਣ ਤੋਂ ਬਾਅਦ ਸੰਜੋਗ ਤੋਂ ਡਰਨ ਵਾਲੇ, ਮਾਨ ਸਮੇਂ ਖੁਸ਼ਾਮਦ ਨਾਲ ਗ਼ਰੀਬੀ ਵਾਲਾ ਮੂੰਹ ਧਾਰਨ ਕਰਨ ਵਾਲੇ, ਵਿਛੋੜੇ ਦੀ ਕਾਮ ਅਗਨੀ ਤੋਂ ਹਮੇਸ਼ਾ ਜਲਦੇ ਰਹਿਣ ਵਾਲੇ ਕਾਮੀ ਲੋਕਾਂ ਨੂੰ ਸਾਰੀਆਂ ਦਿਸ਼ਾਵਾਂ ਤੋਂ ਦੁੱਖ ਹੁੰਦਾ ਹੈ। ਅਜਿਹੇ ਕਾਮੁਕ ਪੁਰਸ਼ਾਂ ਦੇ ਦੁੱਖ ਭਰੇ ਜੀਵਨ ਨੂੰ ਧਿਕਾਰ ਹੈ ?

(12)

ਹਿਰਨੀ ਦੀ ਤਰ੍ਹਾਂ ਅੱਖਾਂ ਵਾਲੀ ਪਿਆਰੀ ਇਸਤਰੀ ਦੇ ਵਿਚਕਾਰਲੇ ਭਾਗ ਆਪਣੀ ਕ੍ਰਮ ਜੋਗੀ ਨੂੰ, ਭੈ ਅਤੇ ਅੱਖਾਂ ਦੀ ਤੇਜ਼ੀ ਨੂੰ, ਬਾਲਾਂ ਦੀ ਕੁਟੀਲਤਾ ਨੂੰ, ਗੱਲ੍ਹਾਂ ਦੀ ਲਾਲੀ ਨੂੰ, ਗਤੀ ਵਿੱਚ ਮੰਦ ਨੂੰ, ਸਰੀਰ ਦੇ ਕਠੋਰ ਅੰਗਾਂ ਵਿੱਚ ਕਠੋਰਤਾ ਨੂੰ, ਅੱਖਾਂ ਵਿੱਚ ਚੰਚਲਤਾ ਨੂੰ ਸਪੱਸ਼ਟ ਵੇਖ ਕੇ, ਲੋਕ ਵੈਰਾਗ ਵੱਲ ਨਹੀਂ ਲੱਗਦੇ। ਇਸ ਤੋਂ ਸਿੱਧ ਹੁੰਦਾ ਹੈ ਕਿ ਕਾਮੁਕ ਲੋਕ ਘੱਟ ਅਕਲ ਵਾਲੇ ਹੁੰਦੇ ਹਨ।

(13)

ਬੁਢਾਪੇ ਰਾਹੀਂ ਸਫ਼ੇਦ ਬਾਲਾਂ ਨੂੰ, ਨਸ਼ਟ ਹੋਈ ਜਵਾਨੀ ਦੀ ਸੰਭਾਲ, ਕਮਜ਼ੋਰ ਨਜ਼ਰ, ਕੰਨਾਂ ਦੀ ਸੁਨਣ ਸ਼ਕਤੀ ਘਟਨਾ, ਆਪਣੀ ਜਗ੍ਹਾ 'ਤੇ ਹਟੇ ਹੋਏ ਦੰਦ, ਹੱਡੀ, ਮਾਸ ਅਤੇ ਚਮੜੀ ਨੂੰ ਵੇਖਦੇ ਹੋਏ ਵੀ, ਕਿੰਨੇ ਦੁੱਖ ਦੀ ਗੱਲ ਹੈ ਕਿ ਮੂਰਖ ਲੋਕ ਉਸੇ ਪ੍ਰੇਮਿਕਾ ਦਾ ਧਿਆਨ ਰੱਖਦੇ ਹਨ।

(14)

ਭਾਵੇਂ ਬੇਇਨਸਾਫ਼ੀ ਰਾਹੀਂ ਕਮਾਏ ਧਨ ਦੀ ਤਰ੍ਹਾਂ, ਸਾਰੇ ਦੰਦ ਕਿਤੇ ਡਿੱਗ ਪੈਣ, ਪਰ ਗਰਮੀ ਤੋਂ ਘਬਰਾਏ ਹੋਏ ਤਮਾਲ ਪੱਤਰ ਦੀ ਤਰ੍ਹਾਂ ਸਰੀਰ ਝੁੱਰੀਆਂ ਵਾਲਾ ਹੋ ਗਿਆ, ਬਾਲਾਂ ਵਿੱਚ ਚੰਦਰ ਮੰਡਲ ਦੀ ਤਰ੍ਹਾਂ ਸਪੱਸ਼ਟ ਸਫੇਦੀ ਨਜ਼ਰ ਆਉਣ ਲੱਗ ਪਈ ਹੈ, ਹਾਏ ਫਿਰ ਵੀ ਮੇਰਾ ਹਿਰਦਾ ਭੋਗ ਵਿਲਾਸ ਤੋਂ ਨਹੀਂ ਘਬਰਾ ਕੇ ਇੱਛਾ ਅਨੁਸਾਰ ਭੱਜ ਰਿਹਾ ਹੈ।

(15)

ਇਸਤਰੀਆਂ ਜੋ ਕਪਟ ਪੂਰਨ ਵਰਤਾਓ ਨਾਲ ਮਿੱਠੀ ਬਾਣੀ ਬੋਲਦੀਆਂ ਹਨ, ਉਸ ਨੂੰ ਕਾਮੁਕ ਚਿੱਤ ਵਾਲੇ ਪੁਰਸ਼ ਪ੍ਰੇਮ ਵਾਲੀ ਗੱਤਬਾਤ ਮੰਨਦੇ ਹਨ।

(16)

ਜਦ ਤੱਕ ਖਰਾਬ ਰਸ ਤੋਂ ਪ੍ਰਭਾਵਿਤ ਪੂਰਨ ਰੂਪ ਭੋਜਨ ਨਾਲ ਅਸੰਜਮ ਨੂੰ ਨਹੀਂ ਜਿੱਤਿਆ ਜਾਵੇ, ਸਿਧਾਂਤਾਂ ਦੇ ਅਰਥ ਰੂਪ ਮਹਾਔਸ਼ਧੀ ਚੂਰਨ ਨੂੰ ਹਿਰਦੇ ਨਾਲ ਨਾ ਪਚਾਇਆ ਜਾਵੇ, ਗਿਆਨ ਰੂਪੀ ਹਲਕੇ ਪਾਣੀ ਨੂੰ ਵਿਧੀਪੂਰਵਕ ਨਾ ਪੀਤਾ ਜਾਵੇ, ਤਦ ਤੱਕ ਕਾਮ ਤੋਂ ਉਤਪੰਨ ਬੁਖ਼ਾਰ ਤਤਵ ਗਿਆਨ ਵਾਲੀ ਸ਼ਾਂਤੀ ਨੂੰ ਪ੍ਰਾਪਤ ਨਹੀਂ ਕਰ ਸਕਦਾ। ਹੇ ਹਿਰਦੇ, ਹੋਰ ਦਵਾਈਆਂ ਦੀ ਵਰਤੋਂ ਨਾ ਕਰ।

(17)

ਸ਼ਿੰਗਾਰ ਰੂਪੀ ਦਰਖਤ ਦੇ ਬਦਲ ਰੂਪ, ਕਾਮ ਖੜ੍ਹੇ ਦੇ ਰਸ ਤੋਂ ਪੂਰਨ ਨਦੀ, ਕਾਮ ਦੇ ਪਿਆਸੇ, ਪ੍ਰੇਮਿਕਾ, ਚਤੁਰ ਬਾਣੀ ਰੂਪੀ ਮੋਤੀਆਂ ਦੇ



ਸਮੁੰਦਰ ਰੂਪ, ਯੁਵਤੀ ਦੀਆਂ ਅੱਖਾਂ ਰੂਪੀ ਚਕੋਰ ਦੇ ਲਈ ਪੂਰਨ ਚੰਦਰਮਾ ਰੂਪੀ ਅਤੇ ਸੋਭਾਗਿਆ ਲੱਛਮੀ ਦੇ ਨਿਧਿ ਸਰੂਪ, ਨਵਯੌਵਨ ਦੇ ਪ੍ਰਾਪਤ ਹੋ ਜਾਣ ’ਤੇ ਵੀ ਜੋ ਵਿਕਾਰ ਨੂੰ ਪ੍ਰਾਪਤ ਨਹੀਂ ਹੁੰਦਾ, ਉਹ ਮਨੁੱਖ ਦੁਰਲਭ ਹੁੰਦਾ ਹੈ।

(18)

ਜਿਸ ਨੇ ਹਥਨੀ ਦੀ ਚਾਲ ਵਰਗੀ ਕਾਮੁਕ ਇਸਤਰੀ ਦਾ ਤਿਆਗ ਕਰ ਦਿੱਤਾ ਹੈ, ਉਹ ਮਨੁੱਖ ਦਾ ਬਹਾਦਰੀ ਵਿੱਚ ਸ੍ਰੇਸ਼ਟ ਕਾਮਦੇਵ ਰੁੱਸ ਕੇ ਵੀ ਕੀ ਵਿਗਾੜੇਗਾ ? ਭਾਵ ਕਾਮਦੇਵ ਵੀ ਤਿਆਗੀ ਦਾ ਕੁਝ ਵੀ ਨਹੀਂ ਵਿਗਾੜ ਸਕਦਾ।

(19)

ਜਿਵੇਂ ਹੀ ਕਾਮ ਬੁਖ਼ਾਰ ਦੇ ਵੱਸ ਹੋ ਕੇ ਪ੍ਰੇਮੀ ਪ੍ਰੇਮਿਕਾ ਨੂੰ ਵੇਖਦਾ ਹੈ, ਤਾਂ ਉਹ ਸ਼ਰਮ ਵਿਨਾਸ਼ ਨੂੰ ਪ੍ਰਾਪਤ ਹੋ ਜਾਂਦੀ ਹੈ, ਛੇਤੀ ਹੀ ਬ੍ਰਹਮਚਰਜ ਵਰਤ ਵੀ ਨਸ਼ਟ ਹੋ ਜਾਂਦਾ ਹੈ। ਗਿਆਨ ਇਕੱਠਾ ਹੋ ਕੇ ਸੁੰਘੜ ਜਾਂਦਾ ਹੈ। ਪਰ ਜਦ ਨਰਕ ਗਤੀ ਦੇ ਭਿਆਨਕ ਫਲ ਦੀ ਯਾਦ ਆਉਂਦੀ ਹੈ ਤਾਂ ਅਸਲ ਵਿੱਚ ਗਿਆਨ ਦੇ ਪ੍ਰਗਟ ਨਾਲ ਪ੍ਰੇਮਿਕਾ ਵੀ ਜ਼ਹਿਰ ਦੀ ਤਰ੍ਹਾਂ ਹੋ ਜਾਂਦੀ ਹੈ।

(20)

ਜਿਸ ਦੇ ਰਾਹੀਂ ਕਰੁਣਾ ਨਾਲ ਹਿੰਸਾ ਵਿਕਾਰ, ਸੱਚ ਨਾਲ ਦੁਸ਼ਟ ਬਚਨ, ਸੰਤੋਸ਼ ਰਾਹੀਂ ਪਰਾਏ ਧਨ ਦੀ ਚੋਰੀ ਕਰਨ ਦੀ ਚਤੁਰਾਈ, ਸ਼ੀਲ ਨਾਲ ਲਗਾਵ ਨਿਰਗ੍ਰੰਥ (ਜੈਨ ਧਰਮ ਪਾਲਣ ਕਰਨ ਨਾਲ) ਪਰਿਗ੍ਰਹਿ (ਸੰਗ੍ਰਹਿ) ਦੀ ਖਿੱਚ, ਜਵਾਨੀ ਵਿੱਚ ਹੀ ਸਪੱਸ਼ਟ ਰੂਪ ਵਿੱਚ ਨਸ਼ਟ ਕਰ ਦਿੱਤੀ ਗਈ ਹੈ, ਉਨ੍ਹਾਂ

ਵਿਖਾਈ ਦਿੰਦਾ ਹੈ। ਫਿਰ ਯੁਵਕ ਬੁਢਾਪੇ ਤੋਂ ਖੁਰਦਾ ਵਿਖਾਈ ਦਿੰਦਾ ਹੈ, ਉਹ ਬੁਢਾਪਾ ਵੀ ਮੌਤ ਦੇ ਕਾਰਨ ਕਿੱਥੇ ਚਲਾ ਗਿਆ, ਇਸ ਵਿਸ਼ੇ ਤੋਂ ਬਿਲਕੁੱਲ ਹੀ ਨਹੀਂ ਜਾਣਿਆ ਜਾਂਦਾ। ਇਸ ਇੰਦਰਜਾਲ ਨੂੰ ਵੇਖ ਹੋਰ ਇੰਦਰ ਜਾਲ ਨੂੰ ਕੀ ਲਾਭ ?

(34)

ਜਿਸ ਦੇ ਰਾਹੀਂ ਹਾਥੀਆਂ ਦੇ ਹੰਕਾਰ ਨਾਲ ਧਾਰਾ ਸਮੂਹ ਤੋਂ ਕੀਚੜ ਵਾਲਾ ਹੁੰਦਾ ਸੀ, ਦਰਿੱਤਰ ਵੀ ਜਿਸ ਕੋਲ ਭੁੱਖ ਦੇ ਵੱਸ ਹੋ ਕੇ ਨਹੀਂ ਆਉਂਦਾ ਸੀ ਉਨ੍ਹਾਂ ਨੂੰ ਵੇਖ ਕੇ ਹੈਰਾਨੀ ਹੁੰਦੀ ਹੈ। ਇੱਥੇ ਜੋ ਜ਼ਿਆਦਾ ਧਨ ਵਿਖਾਈ ਦਿੰਦਾ ਹੈ, ਉਹ ਕਰਮ ਲੀਲਾ ਦਾ ਫਲ ਹੈ।

(35)

ਮੌਤ ਦੇ ਦਰਵਾਜੇ ਤੇ ਜਾਂਦੇ ਹੋਏ ਮਨੁੱਖ ਦੇ ਨਾ ਪੁੱਤਰ ਨਾ ਧਨ ਨਾ ਮਹਿਲ ਹੁੰਦੇ ਹਨ, ਪਰ ਪੁੰਨ ਅਤੇ ਪਾਪ ਹੀ ਸਨਮੁੱਖ ਹੁੰਦੇ ਹਨ।

(36)

ਜੇ ਮਨੁੱਖ ਆਖਦਾ ਹੈ ਕਿ ਮੈਂ ਸਫਲਤਾ ਪੂਰਵਕ ਹੰਕਾਰ ਨੂੰ ਨਸ਼ਟ ਕਰਕੇ ਫਿਰ ਪੰਜ ਇੰਦਰੀਆਂ ਦੀ ਜਿੱਤ ਤੋਂ ਉੱਠਦੇ ਹੋਏ ਕਾਮ ਵਿਕਾਰ ਸਮੂਹ ਨੂੰ ਨਸ਼ਟ ਕਰ ਦੇਵਾਂਗਾ, ਉਸ ਤੋਂ ਬਾਅਦ ਸਦ ਧਿਆਨ ਪੂਰਵਕ ਖੇਡ ਖੇਡ ਵਿੱਚ (ਅਸਾਨੀ ਨਾਲ) ਮੋਹ ਦੇ ਪ੍ਰਸਾਰ ਨੂੰ ਰੋਕਣ ਲਈ ਕੰਮ ਕਰਾਂਗਾ - ਉਹ ਬਦ-ਕਿਸਮਤ ਨਹੀਂ ਜਾਣਦਾ ਕਿ ਇਸੇ ਦੌਰਾਨ (ਹਿੰਸਕ) ਕਾਲ ਨਿਸ਼ਚੈ ਹੀ ਉਸ ਨੂੰ ਚੁੱਕ ਲਵੇਗਾ।



ਕਸ਼ਟ ਦੇ ਰਹੇ ਹੋ, ਕਿਉਂਕਿ ਮੇਰਾ ਮਨ ਤਾਂ ਸ਼ੁੱਧ (ਪਰਮ ਤੱਤਵ) ਦੇ ਧਿਆਨ ਰੂਪੀ ਮਹਾ ਰਸਾਇਣ ਦੇ ਆਨੰਦ ਵਿੱਚ ਮਗਨ ਹੋ ਚੁੱਕਾ ਹੈ।

(24)

ਸੱਚੇ ਗਿਆਨ ਰੂਪੀ ਜੜ ਵਾਲੇ, ਦਰਸ਼ਨ ਰੂਪੀ ਸ਼ਾਖਾਵਾਂ ਵਾਲੇ, ਆਚਰਨ ਰੂਪੀ ਦਰੱਖ਼ਤ ਨੂੰ ਜਿਸ ਨੇ ਸ਼ਰਧਾ ਦੇ ਪਾਣੀ ਨਾਲ ਸਿੰਜਿਆ ਹੈ, ਉਹ ਦਰੱਖ਼ਤ ਉਸ ਨੂੰ ਮੁਕਤੀ ਰੂਪੀ ਫ਼ਲ ਪ੍ਰਦਾਨ ਕਰਦਾ ਹੈ।

(25)

ਹੇ ਸਖੀ ! ਕਰੋਧ ਆਦਿ (ਕਾਮ, ਕਰੋਧ, ਹੰਕਾਰ, ਲੋਭ ਰੂਪੀ ਚਾਰ ਕਸ਼ਾਇ) ਰੂਪੀ ਚਾਰ ਪੈਰਾਂ ਵਾਲੇ, ਮੋਹ ਰੂਪੀ ਸੁੰਡ ਵਾਲੇ, ਰਾਗ ਦਵੇਸ਼ ਰੂਪੀ ਤਿੱਖੇ ਅਤੇ ਲੰਬੇ ਦੰਦਾਂ ਵਾਲੇ, ਕਠਿਨਤਾ ਕਾਰਨ ਕਰਨ ਯੋਗ ਕੰਮ ਨਾਲ ਪਾਗਲ ਮਾਇਆ ਭਰਮ ਰੂਪੀ ਦੁਸ਼ਟ ਹਾਥੀ ਨੂੰ ਜਿਸ ਨੇ ਸੱਚੇ ਗਿਆਨ ਰੂਪੀ ਅੰਕੁਸ਼ ਨਾਲ ਕਾਬੂ ਕਰ ਲਿਆ ਹੈ, ਉਸ ਦੇ ਰਾਹੀਂ (ਜਾਪਦਾ ਹੈ) ਤਿੰਨ ਲੋਕ ਵੱਸ ਕਰ ਲਏ ਗਏ ਹਨ।

(26)

ਅਜਿਹੇ ਬਹੁਤ ਸਾਰੇ ਕਲਾਕਾਰ ਵਿਖਾਈ ਦਿੰਦੇ ਹਨ ਜੋ ਆਪਣੀ ਵਧਦੀ ਕੀਰਤੀ ਦੇ ਲਈ ਨੀਚ ਮਨੁੱਖਾਂ ਦੇ ਰਾਹੀਂ ਵੀ ਮੰਗਣ ਉੱਪਰ ਆਪਣਾ ਸਭ ਕੁਝ ਘਾਹ ਦੀ ਤਰ੍ਹਾਂ ਦੇ ਦਿੰਦੇ ਹਨ। ਅਜਿਹੇ ਧੀਰਜ ਵਾਲੇ ਵੀ ਹਨ ਜੋ ਸਵਾਮੀ ਦੇ ਲਈ ਆਪਣੇ ਪ੍ਰਾਣਾਂ ਦਾ ਛੇਤੀ ਹੀ ਤਿਆਗ ਕਰ ਦਿੰਦੇ ਹਨ, ਪਰ ਉਹ ਮਨੁੱਖ

ਦੋ ਤਿੰਨ ਹੀ ਹਨ ਜਿਨ੍ਹਾਂ ਦਾ ਮਨ ਮਿੱਤਰ ਅਤੇ ਦੁਸ਼ਮਣ ਵਿੱਚ ਬਰਾਬਰ ਰਹਿੰਦਾ ਹੈ।

(27)

ਜਿਸ ਦਾ ਹਿਰਦਾ ਰਹਿਮ ਵਾਲਾ, ਬਾਣੀ ਸੱਚ ਨਾਲ ਸ਼ਿੰਗਾਰੀ ਹੋਈ ਹੋਵੇ ਅਤੇ ਸਰੀਰ ਪਰਉਪਕਾਰ ਵਿੱਚ ਲੱਗਾ ਹੈ, ਉਸਦਾ ਕਲਿਯੁੱਗ ਕੀ ਵਿਗਾੜ ਸਕਦਾ ਹੈ ? ਕੁਝ ਵੀ ਨਹੀਂ।

(28)

ਜੋ ਕਦੇ ਝੂਠ ਨਹੀਂ ਬੋਲਦਾ ਹੈ, ਲੜਾਈ ਦੇ ਮੈਦਾਨ ਵਿੱਚ ਭੱਜਦਾ ਨਹੀਂ, ਭਿਖਾਰੀਆਂ ਨੂੰ ਕਦੇ, ਭੀਖ ਦੇਣ ਵਿੱਚ ਭਿਖਾਰੀਆਂ ਨੂੰ ਇਨਕਾਰ ਨਹੀਂ ਕਰਦਾ, ਇਸ ਪ੍ਰਕਾਰ ਨਹੀਂ ਆਖਦਾ ਹੈ, ਅਜਿਹੇ ਉਸ ਮਨੁੱਖ ਦੇ ਕਾਰਨ ਹੀ ਧਰਤੀ ਰਤਨਾਂ ਦੀ ਖਾਨ ਅਖਵਾਈ ਹੈ।

(29)

ਜਨਮ ਤੋਂ ਬਾਅਦ ਸਭ ਆਸਾਂ ਰੂਪੀ ਦਰੱਖ਼ਤ ਨੂੰ ਕੱਟਣ ਦੇ ਲਈ ਫਰਸੇ ਦੀ ਤਰ੍ਹਾਂ ਮੌਤ ਜੇ ਨਹੀਂ ਹੋਵੇ ਤਾਂ ਕਿ ਮਨੁੱਖ ਨੂੰ ਕਾਮ ਕਥਾਵਾਂ ਆਨੰਦ ਨਹੀਂ ਦੇਣਗੀਆਂ, ਕਿਸ ਨੂੰ ਇਸਤਰੀ ਚੰਗੀ ਨਹੀਂ ਲੱਗਦੀ ? ਲੱਛਮੀ ਕਿਸ ਨੂੰ ਚੰਗੀ ਨਹੀਂ ਲੱਗਦੀ। ਕਿਸ ਦੇ ਮਨ ਵਿੱਚ ਕਾਮਦੇਵ ਨਹੀਂ ਖੇਡਦਾ ? ਪਾਨ ਕਿਸ ਨੂੰ ਸੁੱਖ ਨਹੀਂ ਦਿੰਦਾ, ਕਿਸ ਦੇ ਲਈ ਅੰਨ ਅਤੇ ਠੰਡੇ ਪਾਣੀ ਸੁੱਖਕਾਰੀ ਨਹੀਂ ਹੁੰਦਾ।



(30)

ਇਹ ਸੁੰਦਰ ਆਕ੍ਰਿਤੀ ਵਾਲੀ ਔਰਤ ਮੇਰੀ ਹੈ, ਇਹ ਪ੍ਰੇਮ ਨਾਲ ਭਰਪੂਰ ਪੁੱਤਰ ਮੇਰਾ ਹੈ, ਇਹ ਸੋਨਾ ਹੀ ਮੇਰੀ ਸੰਪਤੀ ਹੈ, ਇਹ ਪਿਆਰੇ ਰਿਸ਼ਤੇਦਾਰ ਮੇਰੇ ਹਨ, ਘਰ ਮੇਰਾ ਹੈ, ਇਸ ਪ੍ਰਕਾਰ ਇਨ੍ਹਾਂ ਸਾਰਿਆਂ ਵਿੱਚ ਅੰਨ੍ਹਾ ਜੀਵ, ਬਦਕਿਸਮਤ ਮਨੁੱਖ ਕਰੋਪਿਤ ਹੋ ਕੇ ਸਾਹਮਣੇ ਆਉਂਦੀ ਮੌਤ ਨੂੰ ਨਹੀਂ ਵੇਖ ਸਕਦਾ।

(31)

ਕਸ਼ਟ ਪੂਰਵਕ ਕਮਾਇਆ ਧਨ ਮੈਂ ਜੂਏ ਵਿੱਚ ਲਗਾ ਦਿੱਤਾ, ਇਸ ’ਤੇ ਵੀ ਜ਼ਿਆਦਾ ਕਸ਼ਟ ਨਾਲ ਗੁਰੂ ਤੋਂ ਪ੍ਰਾਪਤ ਹੋਇਆ ਗਿਆਨ ਨੂੰ ਵੀ ਨਿੰਦਾ ਵਿੱਚ ਲਗਾ ਦਿੱਤਾ। ਕੁੱਲ ਪਰੰਪਰਾ ਤੋਂ ਪ੍ਰਾਪਤ ਨਿਮਰਤਾ ਨੂੰ ਇਸਤਰੀਆਂ ਦੇ ਕਾਮ ਭੋਗ ਵਿੱਚ ਨਸ਼ਟ ਕਰ ਦਿੱਤਾ। ਇਸ ਸਮੇਂ ਜ਼ਿਆਦਾ ਨੇੜੇ ਜਾਣ ’ਤੇ ਬੇਵੱਸ ਹੋਇਆ ਮੈਂ ਕਿਹੜੀ ਚੀਜ਼ ਸੱਤ ਪਾਤਰ ਵਿੱਚ ਲਗਾਵਾਂ ?

(32)

ਹੇ ਜੀਵ ! ਆਤਮਾ ਨੂੰ ਨਾ ਤਾਂ ਨਿਮਰਤਾ ਵੱਲ ਲਗਾਇਆ, ਨਾ ਕਠੋਰ ਤੱਪ ਵੱਲ ਲਾਇਆ। ਕਿਸੇ ਵੀ ਸਮੇਂ ਸ਼ਾਂਤੀ ਨਾਲ ਸ਼ਿੰਗਾਰ ਨਾ ਹੀ ਸੱਚਾਈ ਨਾਲ ਖੁਸ਼ ਕੀਤਾ। ਫਿਰ ਮੌਤ ਦੇ ਸਮੇਂ ਤੇ ਵੀ ਤੱਤਵ ਦੀ ਨਿੰਦਾ ਕਰਦਾ ਹੈ। ਆਪਣੇ ਮਾੜੇ ਕਰਮਾਂ ਦੀ ਨਹੀਂ ਅਤੇ ਭਾਗ ਨੂੰ ਸ਼ਰਾਪ ਦੇ ਰਿਹਾ ਹੈ, ਤੂੰ ਤਾ ਅਸਲ ਵਿੱਚ ਮੂਰਖ ਹੈਂ।

(33)

ਹੇ ਸਹੇਲੀ ! ਜੇ ਤੁਸੀਂ ਇੰਦਰ ਜਾਲ ਵੇਖਣ ਲਈ ਉਤਾਵਲੇ ਕਿਉਂ ਹੋ ਤਾਂ ਵੇਖ ਕਿ ਜ਼ਮੀਨ ’ਤੇ ਛੋਟਾ ਜਿਹਾ ਬੱਚਾ ਛੇਤੀ ਹੀ ਜੁਆਨੀ ਦੀ ਸੰਪਤੀ ਵਾਲਾ

ਡੁੱਬੇ ਰਹਿਣਾ। ਇਸ ਲਈ ਮਿਥਿਆਤਵ ਗਿਆਨ ਨੂੰ ਸੋਚ ਵੱਸ ਹੋ ਕੇ ਤੁਸੀਂ ਬਲਦ ਦੀ ਤਰ੍ਹਾਂ ਨਿੰਦਾ ਦੇ ਪਾਤਰ ਹੋ ਕੇ ਇਸ ਉੱਪਰ ਭਟਕਦੇ ਰਹਿੰਦੇ ਹੋ।

(47)

ਸਾਫ਼ ਰਤਨ ਦੀ ਤਰ੍ਹਾਂ ਸੁੰਦਰ ਮਨੁੱਖਾਂ ਦੇ ਕੁਲ ਵਿੱਚ ਜਨਮ ਲੈ ਕੇ ਵੀ ਪੁੰਨ ਕਾਰਨ ਆਦਿ ਸਾਰੀਆਂ ਵਸਤੂਆਂ ਨੂੰ ਪ੍ਰਾਪਤ ਕਰਨ ’ਤੇ ਵੀ ਆਲਸ ਕਾਰਨ ਤੁਸੀਂ ਮੁਕਤੀ ਦੇ ਲਈ ਤੱਤਵ ਗਿਆਨ ਦਾ ਕੋਈ ਉਪਾਅ ਨਹੀਂ ਮਿਲਿਆ। ਹੇ ਜੀਵ ਨੂੰ ਇਸ ਲਈ ਹੋਰ ਦੂਸਰੇ ਦੁੱਖਾਂ ਨਾਲ ਭਿਅੰਕਰ ਇਸ ਸੰਸਾਰ ਚੱਕਰ ਵਿੱਚ ਤੁਸੀਂ ਬਾਰ-ਬਾਰ ਘੁੰਮਣਾ ਹੁੰਦਾ ਹੈ।

(48)

ਹੇ ਦੁਖੀ ਜੀਵ ਤੂੰ ਕਦੇ ਵਿਨਾਸ਼ ਕਰੋਧ ਨੂੰ ਨਸ਼ਟ ਨਹੀਂ ਕੀਤਾ। ਅਗਿਆਨ ਨੂੰ ਨਹੀਂ ਘਟਾਇਆ, ਮਾਇਆ ਨੂੰ ਨਾਸ਼ ਨਹੀ ਕੀਤਾ, ਲੋਭ ਨੂੰ ਬਿਲਕੁੱਲ ਤਕਲੀਫ਼ ਨਹੀਂ ਦਿੱਤੀ ਤੇ ਤੇਜ਼ ਅਤੇ ਡੂੰਘੇ ਚਿੱਤ ਦੇ ਵੱਸ ਅੰਤਕਰਨ ਵਾਲੇ ਪੁਰਸ਼ਾਂ ਵਾਲੀ ਮਾਨਵ ਜਨਮ ਰੂਪੀ ਲੱਛਮੀ ਦੇ ਕਲਪਬ੍ਰਿਖ ਦੇ ਹੱਥ ਵਿੱਚ ਆਏ ਹੋਏ ਫਲ ਨੂੰ ਬੇਅਰਥ ਗੁਆ ਦਿੱਤਾ।

(49)

ਹਾਏ ! ਦੁੱਖ ਦੀ ਗੱਲ ਹੈ, ਮੈਂ ਮੂਰਖ ਬਚਪਨ ਵਿੱਚ ਹੀ ਮੋਹ ਰੂਪੀ ਮਹਾਨ ਘੋਰ ਹਨ੍ਹੇਰੇ ਵਿੱਚ ਮਗਨ ਰਿਹਾ, ਜੁਆਨੀ ਵਿੱਚ ਨੌਜੁਆਨ ਕੁੜੀਆਂ ਦੀ ਖਿੱਚ ਦਿਲ ਵਾਲੇ, ਮੈਂ ਇੱਕ ਮਾਤਰ ਭੋਗ ਸੰਗਤ ਦਾ ਇੱਛੁਕ ਬਣਿਆ ਰਿਹਾ, ਬੁਢਾਪੇ ਵਿੱਚ ਬੁਢਾਪੇ ਵੱਸ ਇੰਦਰੀਆਂ ਦੇ ਕਾਰਨ ਚਿਮੜਿਆ ਰਿਹਾ। ਇਸ



(37)

ਜਿਸ ਤਰ੍ਹਾਂ ਰਾਵਨ ਨੇ ਮੰਜੇ ਦੇ ਨਾਲ ਇੱਕ ਜਗ੍ਹਾ ’ਤੇ ਬੁਢਾਪੇ ਨੂੰ ਬੰਨ੍ਹ ਦਿੱਤਾ ਸੀ, ਜਿਸ ਹਨੂੰਮਾਨ ਨੇ ਆਪਣੀਆਂ ਬਾਹਾਂ ਦੇ ਬਲ ਨਾਲ ਦਰੋਣਗਿਰੀ ਨੂੰ ਉਖਾੜ ਦਿੱਤਾ ਸੀ ਅਤੇ ਜਿਸ ਸ਼੍ਰੀ ਰਾਮ ਨੇ ਤਿੰਨਾਂ ਲੋਕਾਂ ਵਿੱਚ ਸ੍ਰੇਸ਼ਠ ਵੀਰ ਰਾਖਸ਼ਾਂ ਦੇ ਸਵਾਮੀ ਰਾਵਨ ਮਾਰ ਦਿੱਤਾ ਸੀ, ਉਹ ਸਭ ਵੀ ਵਿਧੀ ਦੇ ਵੱਸ ਹੋ ਕੇ ਵਿਨਾਸ਼ ਨੂੰ ਪ੍ਰਾਪਤ ਹੋ ਗਏ, ਤਾਂ ਫਿਰ ਹੋਰਾਂ ਦੇ ਬਾਰੇ ਕੀ ਕਹਿਣਾ ?

(38)

ਸੰਸਾਰ ਵਿੱਚ ਸੱਚ ਹੀ ਆਖਿਆ ਜਾਂਦਾ ਹੈ ਇਹ ਕਾਲ ਸਭ ਨੂੰ ਖਾਂ ਜਾਂਦਾ ਹੈ, ਨਹੀਂ ਤਾਂ ਰਾਮ ਵਰਗ ਸਭ ਵੀਰ ਪੁਰਸ਼ ਕਿੱਥੇ ਚਲੇ ਗਏ ?

(39)

ਮਿੱਥਿਆਤਵ ਦਾ ਪਾਲਣ ਕਰਨ ਵਾਲੇ ਇਸ ਸੰਸਾਰ ਦੇ ਵਿੱਚ ਬਚਿੱਤਰ ਗਤੀਆਂ ਵਾਲੇ ਰਾਹੀਂ ਚਲਾਏ ਆਤਿ ਭਰਮ ਰੂਪ ਮੁਦਗਰਾਂ ਦੀ ਚੋਟ ਨਾਲ ਬੇਹੋਸ਼ ਹੋ ਚੋਰ ਦੀ ਤਰ੍ਹਾਂ ਮਾਇਆ ਦੇ ਬੰਧਨਾਂ ਤੋਂ ਕਾਬੂ ਮੇਰੀ ਪਸ਼ੋ ਮੁਕਤੀ ਤੋਂ ਚਰਿੱਤਰ ਰੂਪ ਧਨ ਤੋਂ ਬਿਨਾਂ ਛੇਤੀ ਕਿਵੇਂ ਹੋਵੇ ?

(40)

ਹੇ ਭਰਾ ! ਮੇਰੀ ਮੂਰਖਤਾ ਦੇਖੋ। ਇਸ ਸੰਸਾਰ ਵਿੱਚ ਮੈਨੂੰ ਜੋ ਪਵਿੱਤਰ ਮਨੁੱਖੀ (ਜਨਮ) ਪ੍ਰਾਪਤ ਹੋਇਆ ਉਹ ਮੈਂ ਕਾਮ, ਕ੍ਰੋਧ, ਅਗਿਆਨ, ਚੁਗਲੀ, ਕੁਬੁੱਧੀ, ਧੋਖਾ ਅਤੇ ਮੋਹ ਦੇ ਵੱਸ ਹੋ ਇਸ ਤਰ੍ਹਾਂ ਬੇਅਰਥ ਹੀ ਗੁਜਾਰ ਦਿੱਤਾ,

ਜਿਸ ਪ੍ਰਕਾਰ ਬਹੁਤ ਮੁਸ਼ਕਿਲ ਨਾਲ ਪ੍ਰਾਪਤ ਰਤਨ, ਹੱਥ ਵਿੱਚੋਂ ਖਿਸ ਕੇ ਸਮੁੰਦਰ ਵਿੱਚ ਖੋ ਜਾਂਦਾ ਹੇ, ਕਿੰਨੇ ਦੁੱਖ ਦੀ ਗੱਲ ਹੈ।

(41)

ਜਿਸ ਖਿਨ ਭੰਗੁਰ ਅਤੇ ਸੰਪੂਰਨ ਰੂਪ ਵਿੱਚ ਭਿੱਜੇ ਅਤੇ ਚੰਗੇ ਕੰਮਾਂ ਤੋਂ ਹਟੇ ਸਰੀਰ ਤੋਂ ਪੂਰਨ ਨਿਰਵਾਨ ਪ੍ਰਾਪਤ ਕੀਤਾ ਜਾ ਸਕਦਾ ਹੈ, ਦੁੱਖ ਹੈ ਦੋਸਤ ! ਜਿਵੇਂ ਕਰੋੜਾਂ ਦੇ ਮੁੱਲ ਦੇ ਬਦਲੇ ਕੌੜੀ ਖਰੀਦੀ ਗਈ ਤਾਂ ਉਸੇ ਤਰ੍ਹਾਂ ਮੇਰੇ ਰਾਹੀਂ ਥੋੜ੍ਹੇ ਸੁੱਖ ਦੇ ਲਈ ਉਸੇ ਸਰੀਰ ਰਾਹੀਂ ਪ੍ਰੇਮਿਕਾ ਦੇ ਮੂੰਹ ਰੂਪੀ ਚੰਦ ਦੇ ਲਗਾਵ ਤੋਂ ਉਤਪੰਨ ਪ੍ਰੇਮ ਕੀਤਾ ਗਿਆ।

(42)

ਦੂਸਰੇ ਨੂੰ ਮਜ਼ਾਕ ਕਰਨ ਵਾਲੇ ਬਚਨ ਮਨੋਰੰਜਨ ਦਾ ਕਾਰਨ ਹੁੰਦੇ ਹਨ। ਦੂਸਰਿਆਂ ਨੂੰ ਠੱਗਣਾ ਸੰਤੁਸ਼ਟੀ ਦਾ ਕਾਰਨ ਹੁੰਦਾ ਹੈ। ਸੋਨੇ ਦੀ ਤਰ੍ਹਾਂ ਸੁੰਦਰ ਅੰਗਾਂ ਵਾਲੀ ਚਮਕਦੀ ਪ੍ਰੇਮਿਕਾ ਹੀ ਧਰਤੀ ’ਤੇ ਚਾਹਤ ਦਾ ਕਾਰਨ ਹੁੰਦੀ ਹੈ। ਦਰੱਵ ਕਮਾਉਣ ਵਿੱਚ ਮਹਾਨ ਵਿਉਪਾਰ ਦਾ ਆਰੰਭ ਨਿਸ਼ਚੈ ਹੀ ਚੰਗਾ ਹੁੰਦਾ ਹੈ। ਪਰ ਹੇ ਨਰ ! ਮਹਾਰੌਰਵ ਨਰਕ ਨੂੰ ਭੇਦਨ, ਛੇਦਨ, ਕੁਟਨ ਆਦਿ ਦੀਆਂ ਕਿਰਿਆਵਾਂ ਦੇ ਕਾਰਨ ਬਹੁਤ ਭਿਅੰਦਰ ਹੁੰਦੇ ਹਨ।

(43)

ਕਾਮ ਪ੍ਰਮਾਦ ਨੂੰ ਰੋਕਨ ਦੇ ਉਪਾਅ ਦੇ ਲਈ ਸਦਾਚਾਰ ਦਾ ਵਿਵਹਾਰ ਨਹੀਂ ਕੀਤਾ, ਲੋਭ ਨੂੰ ਨਸ਼ਟ ਕਰਨ ਦੇ ਲਈ ਸਦਗੁਰੂ ਦੇ ਬਣਾਏ ਤੱਤਵਾਂ ਨੂੰ ਅੰਗੀਕਾਰ



ਨਹੀਂ ਕੀਤਾ, ਹਾਏ ! ਦੁੱਖ ਹੈ, ਮੈਂ ਮੂਰਖਤਾ ਨੂੰ ਪ੍ਰਾਪਤ ਕੀਤਾ। ਅੱਖਾਂ ਮਿਲਿਆ ਅੰਧੇ ਮਨੁੱਖਾ ਜਨਮ ਵਿਅਰਥ ਖੋ ਦਿੱਤਾ।

(44)

ਮਿੱਤਰ, ਇਸਤਰੀ, ਪੁੱਤਰ, ਸੰਪਤੀ ਆਦਿ ਦੇ ਆਨੰਦ ਨਸ਼ਟ ਹੋਣ ਦੇ ਕਾਰਨ ਸੁੱਖ ਖ਼ਤਮ ਹੋਣ ਵਾਲਾ ਹੈ। ਖਾਂਸੀ, ਲਹੂ, ਭਗੰਦਰ ਆਦਿ ਦੁੱਖਾਂ ਤੋਂ ਇਹ ਸਰੀਰ ਵਿੱਚ ਭਰਿਆ ਪਿਆ ਹੈ। ਹੇ ਭਾਈ ! ਭਿਅੰਕਰ ਮੂੰਹ ਵਾਲਾ ਇਹ ਕਾਲ ਤੇਜ਼ੀ ਨਾਲ ਕਰੀਬ ਆ ਰਿਹਾ ਹੈ, ਦੁੱਖ ਹੈ ਮੈਂ ਕੀ ਕਰਾਂ ? ਇਹ ਸਭ ਦੇਖਦੇ ਹੋਏ ਵੀ ਮੇਰਾ ਚਿੱਤ ਪਾਪ ਵਿੱਚ ਲੱਗਾ ਹੋਇਆ ਹੈ।

(45)

ਹੇ ਜੀਵਨ ! ਭਿੰਨ ਭਿੰਨ ਗਤੀਆਂ ਵਾਲੇ ਇਸ ਭਰਮ ਤੋਂ ਬਿਲਕੁੱਲ ਡੂੰਘੇ ਬਣੇ ਹੋਏ ਸੰਸਾਰ ਵਿੱਚ ਕੋਈ ਨਿਸ਼ਚਿਤ ਪ੍ਰਦੇਸ਼ ਹੈ ਜੋ ਤੁਹਾਡੇ ਨਾਲ ਬਹੁਤ ਸਾਰੇ ਜਨਮ ਮਰਨਾਂ ਦੇ ਬਾਅਦ ਵੀ ਪ੍ਰਾਪਤ ਨਹੀਂ ਕੀਤਾ ਗਿਆ। ਇਸ ਲਈ ਤੁਸੀਂ ਦਿਲ ਵਿੱਚ ਵੈਰਾਗ ਕਿਉਂ ਉਤਪੰਨ ਨਹੀਂ ਹੁੰਦਾ। ਜੋ ਕਿ ਰਾਤ ਦਿਨ ਤੁਹਾਡੀ ਪਾਪ ਕਿਰਿਆ ਵਿੱਚ ਲਗਾਵ ਰਹਿੰਦਾ ਹੈ।

(46)

ਹੇ ਮੇਰੇ ਚਿੱਤ ! ਤੁਸੀਂ ਆਪਣੇ ਉੱਨਤ ਮੋਢਿਆਂ ਤੋਂ ਚਾਰਿੱਤਰ ਰੂਪੀ ਗੱਡੀ ਦੇ ਧੁਰੇ ਨੂੰ ਧਾਰਨ ਨਹੀਂ ਕਰਦੇ ਅਤੇ ਨਾ ਹੀ ਆਪਣੀ ਮਜਬੂਤ ਪਿੱਠ ਉੱਪਰ ਆਦਰਸ਼ ਅਹਿੰਸਾ ਦੇ ਭਾਰ ਨੂੰ ਸਹਿੰਦੇ ਹੋ। ਕਿਉਂਕਿ ਤੁਸੀਂ ਨਿਸ਼ਚਿਤ ਹੀ ਆਪਣੇ ਉੱਪਰ ਪੈਰ ਦੀ ਮਾਰ ਦੇ ਡਰ ਦੇ ਵੱਸ ਹੋ ਕਿ ਮਿਥਿਆਤਵ ਵਿੱਚ

ਵਿੱਚ ਕੀ ? ਵੇਦ ਮੰਤਰਾਂ ਦੇ ਗਿਆਨ ਤੋਂ ਕੀ ? ਅੰਮ੍ਰਿਤ ਰਸ ਪੀਣ ਤੋਂ ਕੀ ? ਅਨੇਕਾਂ ਪ੍ਰਕਾਰ ਦੇ ਸਵਾਧਿਆਏ ਪਾਠ ਤੋਂ ਕੀ ਅਤੇ ਲੱਛਣ ਗ੍ਰੰਥਾਂ ਦੇ ਅਧਿਐਨ ਤੋਂ ਕੀ ਲਾਭ ਹੈ ?

(60)

ਹੇ ਧੋਖੇਬਾਜ ! ਬਚਪਨ ਤੋਂ ਤੇਰੇ ਨਾਲ ਬਿਨਾਂ ਕਾਰਨ ਗੂੜ੍ਹੀ ਦੋਸਤੀ ਦੀ ਸੰਪਤੀ ਤੋਂ ਉਤਪੰਨ ਕਰਨ ਵਾਲੇ ਨੂੰ ਛੱਡ ਕੇ ਤੁਸੀਂ ਛੇਤੀ ਹੀ ਦੂਰ ਚਲੇ ਜਾਵੋ ਕਿਉਂਕਿ ਵੇਖੋ ! ਹੁਣ ਸ਼ੁਭ ਧਨ ਦੇ ਕਾਰਨ ਗਿਆਨ ਰੂਪੀ ਸੂਰਜ ਦੀ ਕਿਰਨ ਦੇ ਪ੍ਰਕਾਸ਼ ਹੋਣ ’ਤੇ ਔਸ ਬਿੰਦੂਆਂ ਦੇ ਤਰੰਤ ਲੁਪਤ ਹੋ ਜਾਣ ਵਾਲੇ ਤੈਨੂੰ ਮੈਂ ਹੁਣ ਇਸ ਗਿਆਨ ਦ੍ਰਿਸ਼ਟੀ ਨਾਲ ਕਿਵੇਂ ਵੇਖੋਂਗਾ।

(61)

ਹੇ ਹਿਰਦੇ ! ਇਸ ਸੰਸਾਰ ਵਿੱਚ ਰਹਿਮ ਦਿਲੀ ਤੋਂ ਜ਼ਿਆਦਾ ਮਿੱਠਾ ਕੋਈ ਅੰਮ੍ਰਿਤ ਨਹੀਂ। ਦਰੋਹ ਤੋਂ ਵੱਧ ਕੇ ਕੋਈ ਜ਼ਹਿਰ ਨਹੀਂ। ਚੰਗੇ ਆਚਰਣ ਤੋਂ ਵੱਧ ਕੇ ਕੋਈ ਕਲਪ ਬ੍ਰਿਖ ਨਹੀਂ। ਕਰੋਧ ਤੋਂ ਵੱਧ ਕੇ ਜੰਗਲ ਦੀ ਅੱਗ ਨਹੀਂ, ਸੰਤੋਖ ਤੋਂ ਛੁੱਟ ਕੋਈ ਮਿੱਤਰ ਨਹੀਂ ਅਤੇ ਲੋਭ ਤੋਂ ਇਲਾਵਾ ਕੋਈ ਦੁਸ਼ਮਣ ਨਹੀਂ, ਮੈਂ ਚੰਗਾ ਮਾੜਾ ਤੈਨੂੰ ਦੱਸ ਦਿੱਤਾ, ਹੁਣ ਤੈਨੂੰ ਜੋ ਤਿਆਗਣਾ ਠੀਕ ਲੱਗੇ, ਉਸ ਨੂੰ ਛੱਡ ਦੇ।

(62)

ਹੇ ਹਿਰਦੇ ! ਜੇ ਤੁਸੀਂ ਨਿਰਵਾਨ ਚਾਹੁੰਦੇ ਹੋ ਤਾਂ ਔਚਿਤਯ ਰੂਪੀ ਚੁੰਨੀ, ਸਦਾਚਾਰ ਰੂਪੀ ਸ਼ਿੰਗਾਰ ਤੋਂ ਉੱਜਲ ਸ਼ਰਧਾ, ਧਿਆਨ ਅਤੇ ਵਿਵੇਕ ਰੂਪੀ ਗਹਿਣੇ



ਪ੍ਰਕਾਰ ਵਿਧਾਤਾ ਤੋਂ ਕਿਸੇ ਤਰ੍ਹਾਂ ਪ੍ਰਾਪਤ ਮਨੁੱਖ ਜਨਮ ਨੂੰ ਮੈਂ ਨਿਸ਼ਚੈ ਹੀ ਨਸ਼ਟ ਕਰ ਦਿੱਤਾ।

(50)

ਹੇ ਮੇਰੇ ਚੰਚਲ ਚਿੱਤ ! ਜਿਸ ਦੇ ਲਈ ਤੁਸੀਂ ਸਮੁੰਦਰਾਂ ਨੂੰ ਆਪ ਵੀ ਲੰਘ ਜਾਂਦੇ ਹੋ, ਭਿਅੰਕਰ ਜੰਗਲ ਵਿੱਚ ਵੀ ਘੁੰਮਦੇ ਰਹਿੰਦੇ ਹੋ, ਮਿੱਤਰ ਨੂੰ ਧੋਖਾ ਦਿੰਦੇ ਹੋ, ਖੁਦ ਨੂੰ ਲੁੱਟਦੇ ਹੋ, ਵਾਅਦਾ ਤੋੜਦੇ ਹੋ, ਉਹ ਚਿੱਤ ਜੇ ਜ਼ਮੀਨ ’ਤੇ ਕਿਸੇ ਨੇ ਪੱਕੇ ਰੂਪ ਵਿੱਚ ਸਥਿਰ ਵਿਖਾਈ ਦੇਵੇ ਤਦ ਉਸ ਮਾੜੇ ਧਨ ਨੂੰ ਮੈਨੂੰ ਵਾਪਸ ਕਰ ਦੇ।

(51)

ਹਾਏ ਦੁੱਖ ਹੈ ! ਵੇਖੋ, ਮੋਹ ਰੂਪ ਚੀਤੇ ਤੋਂ ਡਰ ਤੋਂ ਡਰਿਆ ਮੇਰਾ ਮਨ ਸੰਸਾਰ ਰੂਪੀ ਘੋਰ ਜੰਗਲ ਵਿੱਚ ਹਿਰਨ ਦੀ ਤਰ੍ਹਾਂ ਕਿਤੇ ਅਗਿਆਨ ਦੇ ਪਰਬਤ ਤੇ ਕਿਤੇ ਕਾਮ ਰੂਪੀ ਟੋਏ ਵਿੱਚ, ਕਿਤੇ ਮਾਇਆ ਰੂਪੀ ਵੇਲ ਦੇ ਹੇਠਾਂ, ਕਿਤੇ ਨਿੰਦਾ ਰੂਪੀ ਨਦੀ ਘਾਟੀ ਵਿੱਚ ਛੇਤੀ ਭੱਜ ਰਿਹਾ ਹੈ।

(52)

ਜਦ ਤੱਕ ਹਿਰਨ ਦੀ ਅੱਖਾਂ ਵਾਲੀਆਂ ਦੀਆਂ ਛਾਤੀਆਂ ਦੀ ਚੋਟ ਨਾਲ ਤੁਹਾਨੂੰ ਖੰਡਿਤ ਨਹੀਂ ਕਰ ਦਿੱਤਾ ਜਾਂਦਾ, ਜਦ ਤੱਕ ਤੁਸੀਂ ਚਾਰਿੱਤਰ ਰੂਪੀ ਪਵਿੱਤਰ ਲੱਕੜੀ ਦੇ ਨਾਲ ਬਣੀ ਸਦਾਚਾਰ ਰੂਪੀ ਝੰਡੇ ਨਾਲ ਸਜੀ, ਗੁਰੂ ਦੀ ਆਗਿਆ ਰੂਪੀ ਰੱਸੀ ਦੇ ਬੰਧਨ ਕਾਰਨ ਮਜਬੂਜ ਸੱਚੇ ਗਿਆਨ ਰੂਪੀ ਜਹਾਜ

ਵਿੱਚ ਬੈਠੇ ਹੋਏ ਤੁਸੀਂ ਮੋਹ ਰੂਪੀ ਭਿਅੰਕਰ ਮਗਰਮੱਛਾਂ ਵਾਲੇ ਮਹਾਨ ਸੰਸਾਰ ਰੂਪੀ ਸਮੁੰਦਰ ਨੂੰ ਪਾਰ ਕਰ ਲਵੋ।

(53)

ਜੇ ਇਸਤਰੀਆਂ ਵੱਲ ਲਗਾਤਾਰ ਭੱਜਦੇ ਚਿੱਤ ਨੂੰ ਨਾ ਰੋਕਿਆ ਗਿਆ ਤਾਂ ਸਰੀਰ ਤੇ ਭਸਮ ਦਾ ਲੇਪ ਕਰਨ ਦਾ ਕੀ ਫਾਇਦਾ ? ਖ਼ੂਨ ਨੂੰ ਪੀਣ ਦਾ ਕੀ ਲਾਭ ? ਕੱਪੜੇ ਛੱਡਣ ਦੀ ਇਸ ਨਫ਼ਰਤ ਤੋਂ ਕੀ ਲਾਭ ? ਤਿੰਨ ਦੰਡ ਧਾਰਨ ਕਰਨ ਦਾ ਕੀ ਲਾਭ ? ਕੰਬਲ ਦੇ ਭਾਰ ਨਾਲ ਝੁਕੇ ਹੋਏ ਮੋਢਿਆਂ ਦਾ ਕੀ ਲਾਭ ? ਮਾਲਾ ਦੇ ਜਾਪ ਦਾ ਕੀ ਲਾਭ ?

(54)

ਜੋ ਮਨੁੱਖ ਅੰਮ੍ਰਿਤ ਵਰਸਾਉਣ ਵਾਲੇ ਸੁੰਦਰ ਬਚਨਾਂ ਦੇ ਰਾਹੀਂ ਦੁਸ਼ਟਾਂ ਨੂੰ ਸੱਜਣਤਾ ਦੇ ਰਾਹ ’ਤੇ ਲੈ ਆਉਣਾ ਚਾਹੁੰਦਾ ਹੈ, ਉਹ ਕੋਮਲ ਕਮਲ ਨਾਲ ਦੇ ਤੰਤੂਆਂ ਤੇ ਪਾਗਲ ਹੋਏ ਹਾਥੀ ਨੂੰ ਬੰਨ੍ਹਣ ਦੀ ਕੋਸ਼ਿਸ਼ ਕਰਦਾ ਹੈ, ਕਮਲ ਫੁੱਲ ਦੇ ਭਾਗ ਨਾਲ ਵੱਜਰ ਮਣੀ ਨੂੰ ਭੇਦਨਾਂ ਚਾਹੁੰਦਾ ਹੈ ਅਤੇ ਖਾਰੇ ਸਮੁੰਦਰਾਂ ਦੀਆਂ ਬੂੰਦਾਂ ’ਤੇ ਮਿਠਾਸ ਦੀ ਰਚਨਾ ਕਰਨੀ ਚਾਹੁੰਦਾ ਹੈ।

(55)

ਮੈਂ ਸ੍ਰੀ ਰਾਮ ਚੰਦਰ ਦੀ ਤਰ੍ਹਾਂ ਗੁਰੂ ਦੀ ਬਾਣੀ ਭੈੜੀ ਬੁੱਧੀ ਰੂਪੀ ਜ਼ਮੀਨ ਨੂੰ ਛੱਡ ਕੇ, ਸਦਾਚਾਰਜ ਰੂਪੀ ਪਰਬਤ ਚੜ੍ਹ ਕੇ, ਕਰੋਧ ਰੂਪੀ ਸੁਮੰਦਰ ’ਤੇ ਪੁਲ ਬਣਾ ਕੇ, ਛਲ ਕਪਟ ਨਾਲ ਭਰੀ ਲੰਕਾ ਨੂੰ ਪਲ ਭਰ ਵਿੱਚ ਨਸ਼ਟ ਕਰਕੇ, ਮੋਹ ਰੂਪੀ ਰਾਵਨ ਨੂੰ ਮਾਰ ਕੇ ਕੁਲੋਕ ਦੀ ਮੁਕਤੀ ਰੂਪੀ ਇਸਤਰੀ ਤੋਂ ਮੁਕਤ ਹੋ ਜਾਵਾਂਗਾ।



(56)

ਮਿੱਠੇ ਸੁਆਦਾਂ, ਸੁੰਦਰ ਹਾਰਾਂ ਵਿੱਚ, ਚੰਗੇ ਮਹਿਲਾਂ ਤੇ ਮਣੀ ਰਤਨ ਤੋਂ, ਸੁੰਦਰ ਸ਼ਿਖਰ ਤੋਂ ਬਣੀਆਂ ਚੋਟੀਆਂ ਤੋਂ, ਅਤੇ ਨਰਮ ਔਰਤਾਂ ਤੋਂ ਕੀ ਲਾਭ ? ਕਮਲ ਦੇ ਪੱਤੇ ਉਪਰ ਪਾਣੀ ਦੀ ਤਰ੍ਹਾਂ ਪ੍ਰਾਣਾਂ ਨੂੰ ਚੰਚਲ ਸਮਝ ਕੇ ਹੇ ਜੀਵ ਨੂੰ ਵੇਗ ਪੂਰਵਕ ਦਾਨ ਕਰੋ, ਸ਼ੀਲ ਅਤੇ ਤਪੱਸਿਆ ਦਾ ਆਚਰਨ ਕਰੋ ਅਤੇ ਵੈਰਾਗ ਦਾ ਸੁਆਦ ਲਵੋ ਅਤੇ ਨਿਰਵੇਦ (ਵੈਰਾਗ) ਦਾ ਸਵਾਦ ਲਵੋ।

(57)

ਇਸ ਧਨ ਨੂੰ ਬੁਲਬੁਲੇ ਦੀ ਤਰ੍ਹਾਂ ਖ਼ਤਮ ਹੋਣ ਵਾਲਾ, ਸਰੀਰ ਨੂੰ ਦੀਵੇ ਦੀ ਲੌਅ ਦੀ ਤਰ੍ਹਾਂ ਕੰਬਣ ਵਾਲਾ, ਜੁਆਨੀ ਨੂੰ ਚਪਲ ਦ੍ਰਿਸ਼ਟੀ ਵਾਲੀ ਲੜਕੀਆਂ ਦੀ ਤਰ੍ਹਾਂ ਚੰਚਲ, ਭੁਜਬਲ ਨੂੰ ਬਿਜਲੀ ਦੀ ਤਰ੍ਹਾਂ ਅਸਥਿਰ ਜਾਣ ਕੇ ਹੇ ਜੀਵ ਨੂੰ ਗੁਰੂ ਕ੍ਰਿਪਾ ਦੇ ਅਧੀਨ ਹੋ ਕੇ ਛੇਤੀ ਨਾਲ ਕੁਝ ਦਾਨ, ਧਿਆਨ, ਤਪ ਦੇ ਵਿਸ਼ੇ ਵਿੱਚ ਪਵਿੱਤਰਤਾ ਦੇ ਯੋਗ ਪੁੰਨਾਂ ਦੀ ਅਰਾਧਨਾ ਕਰੋ।

(58)

ਧੋਖੇ ਵਾਲੇ ਆਚਰਨ ਅਤੇ ਚੁਗਲਖੋਰੀ ਕਰਨ ਵਾਲੇ ਦੁਸ਼ਟਾਂ ਦੇ ਨਾਲ ਸਬੰਧ ਰੱਖਣ ਵਾਲਾ ਮਨੁੱਖ, ਧੋਖੇ ਗਤਿ ਵਾਲੇ ਸੱਪ ਦੇ ਨਾਲ ਸਬੰਧ ਰੱਖਣ ਵਾਲੇ ਸ੍ਰੀ ਖੰਡ ਬ੍ਰਿਖ ਦੀ ਤਰ੍ਹਾਂ ਆਪਣਾ ਜਨਮ ਬੇਕਾਰ ਕਰ ਲੈਂਦੇ ਹਨ।

(59)

ਜੋ ਲੋਕ ਪਰਲੋਕ ਦੇ ਵੇਖਣ ਨਾਲ ਹੀ ਕੁਸ਼ਲ ਗਿਆਨ ਨਾਲ ਭਰਿਆ ਮਨ ਵਿੱਚ ਬ੍ਰਹਮ ਦਾ ਹਮੇਸ਼ਾ ਧਿਆਨ ਨਹੀਂ ਕੀਤਾ ਤਾਂ ਸੈਂਕੜੇ ਤਰਕ-ਵਿਤਰਕ

ਪੂਰਵਕ ਬਚਨਾਂ ਦੇ ਕਾਰਨ ਨਿੰਦਣਯੋਗ, ਮੱਥੇ 'ਤੇ ਲਕੀਰਾਂ ਉੱਭਰਨ ਕਾਰਨ, ਬੁੱਲ੍ਹਾਂ ਦੇ ਫਰਕਣ ਨੂੰ ਦੇਖਣ ਵਿੱ ਸੁੰਦਰਤਾ ਅਤੇ ਹਿੱਲਦੇ ਬਾਲਾਂ ਨਾਲ ਢਕੇ ਮੂੰਹ ਨੂੰ ਜੋ ਕਰੋਧ ਵਿੱਚ ਵੀ ਕਾਮੀ ਆਖ ਕੇ, ਵੇਖਦੇ ਹਨ, ਨਿਸ਼ਚੈ ਹੀ ਇਹ ਕਾਮੁਕ ਪੁਰਖਾਂ ਦੀ ਮੂਰਖਤਾ ਹੈ।

(76)

ਜਿਸ ਯੋਗ ਦੇ ਪ੍ਰਭਾਵ ਤੋਂ ਮਨੁੱਖ ਦੀ ਯੋਗਤਾ ਛੁਪ ਜਾਂਦੀ ਹੈ, ਕਮਜ਼ੋਰੀ ਸਾਰੇ ਅੰਗਾਂ ਨੂੰ ਗਲਵੱਕੜੀ ਪਾਉਂਦੀ, ਗਿਆਨ ਦੀ ਸ਼ੋਭਾ ਸਮਾਪਤ ਹੋ ਜਾਂਦੀ ਹੈ, ਕੁਬੁੱਧੀ ਤੇਜ਼ੀ ਨੂੰ ਪ੍ਰਾਪਤ ਹੁੰਦੀ ਹੈ, ਧਰਮ ਵੀ ਭਜਨ ਜਾਂਦਾ ਹੈ, ਪਾਪ ਦ੍ਰਿੜ੍ਹਤਾ ਨੂੰ ਪ੍ਰਾਪਤ ਹੋ ਜਾਂਦਾ ਹੈ, ਉਹ ਵਿਦਵਾਨ ਦੇ ਸੇਵਕ ਕਿਵੇਂ ਹੋ ਸਕਦਾ ਹੈ।

(77)

ਕਿੱਥੇ ਇਸਰਤੀ ਦੀ ਬਲਗਮ ਤੋਂ ਕਸ਼ਟ ਵਾਲਾ ਮੂੰਹ ਅਤੇ ਕਿੱਥੇ ਅੰਮ੍ਰਿਤ ਦਾ ਖ਼ਜ਼ਾਨਾ ਚੰਦਰਮਾ ? ਮੂਰਖ ਕਾਮੀ ਲੋਕਾਂ ਲਈ ਇਨ੍ਹਾਂ ਦੋਹਾਂ ਵਿੱਚ ਇੱਕਸਾਰਤਾ ਲੱਗਦੀ ਹੈ।

(78)

ਹਿਰਨਾਂ ਦਾ ਝੁੰਡ ਨਾ ਜਾਣਦਾ ਹੋਇਆ ਵੀ ਬੰਧਨ ਨੂੰ ਪ੍ਰਾਪਤ ਨਹੀਂ ਹੁੰਦਾ, ਅੱਗ ਦੀ ਗਰਮੀ ਨੂੰ ਨਾ ਜਾਣਦਾ ਹੋਇਆ ਪਤੰਗਾ ਦੀਵੇ 'ਤੇ ਨਹੀਂ ਡਿੱਗਦਾ, ਫੇਰ ਵੀ ਹਾਥੀ ਦੇ ਕੰਨਾਂ ਦੀ ਤਰ੍ਹਾ ਚੰਚਲ ਇਨ੍ਹਾਂ ਭੋਗਾਂ ਨੂੰ ਜਾਣਦਾ ਹੋਇਆ ਵੀ, ਇਸ ਨੂੰ ਨਹੀਂ ਜਾਣਦਾ, ਅਜਿਹਾ ਇਹ ਕਿਸ ਤਰ੍ਹਾਂ ਦਾ ਮੋਹ ਹੈ ?



ਨਾਲ ਸ਼ਿੰਗਾਰੀ, ਕਰੁਣਾ ਰੂਪੀ ਹਾਰ ਨਾਲ ਸੁਸ਼ੋਭਿਤ, ਸੱਚੇ ਗਿਆਨ ਰੂਪੀ ਸੁਰਮੇ ਨਾਲ ਮਨ ਨੂੰ ਹਰਨ ਵਾਲੀ, ਚਮਕਦੇ ਹੋਏ ਚਾਰਿੱਤਰ ਰੂਪੀ ਕੰਨਾਂ ਦੇ ਗਹਿਣੇ ਨੂੰ ਧਾਰਨ ਕਰਨ ਵਾਲੀ ਧਰਮ ਖਿਮਾ ਰੂਪੀ ਪਿਆਰੀ ਦਾ ਸੇਵਨ ਕਰੋ।

(63)

ਹੇ ਬੁੱਧੀ ਜਨੋਂ ! ਜਿੱਥੇ ਨਾ ਦੁੱਖ ਹੈ, ਨਾ ਬੁੱਧੀ ਭ੍ਰਿਸ਼ਟ ਹੈ, ਨਾ ਲਗਾਵ ਹੈ, ਨਾ ਮਸ਼ਹੂਰੀ ਹੈ, ਨਾ ਉੱਨਤੀ ਹੈ, ਨਾ ਦੁੱਖ ਹੈ, ਨਾ ਧਨ ਹੈ, ਨਾ ਕਤਲ ਹੈ, ਨਾ ਧਿਆਨ ਅਤੇ ਇਛਾਵਾਂ ਹਨ, ਨਾ ਗੁਲਾਮੀ ਹੈ, ਨਾ ਬਿਲਾਸਤਾ ਵਾਲਾ ਮੂੰਹ ਹੈ, ਨਾ ਹਾਸਾ ਹੈ ਅਤੇ ਨਾ ਰਾਗ ਵਾਲੀ ਹਰਕਤਾਂ ਹਨ। ਸੰਸਾਰਿਕ ਪੁੰਨ ਪਾਪ ਤੋਂ ਰਹਿਤ ਉਹ ਲੋਕ ਹੀ ਜਾਂ ਪਦਵੀ ਤੁਹਾਡੇ ਲਈ ਧਿਆਨ ਯੋਗ ਹੈ।

**ਨੋਟ : ਸ਼ਲੋਕ ਨੰਬਰ 64, 65, 66 ਉਪਲਬਧ ਨਹੀਂ ਹਨ।**

(66)

ਜਿਨ੍ਹਾਂ ਜਿਨ੍ਹਾਂ ਨੇ ਮਨੁੱਖ ਜੀਵਨ ਪ੍ਰਾਪਤ ਹੋਣ 'ਤੇ ਵੀ ਪ੍ਰਮਾਦ (ਅਣਗਹਿਲੀ) ਵੱਸ ਧਰਮ ਨਸ਼ਟ ਕਰ ਦਿੱਤਾ, ਧਨ ਹੋਣ 'ਤੇ ਵੀ ਅਰਥ ਤੇ ਕਾਮ ਨੂੰ ਆਪਣੀ ਕੰਜੂਸੀ ਦੇ ਕਾਰਨ ਇਸਤੇਮਾਲ ਨਹੀਂ ਕੀਤ, ਅਜਿਹੇ ਲੋਕ ਭਾਵੇਂ ਚਿੱਤ ਨੂੰ ਕਾਬੂ ਕਰਨ ਵਿੱਚ ਤੇਜ਼ੀ ਹਾਸਲ ਕਰਕੇ ਹਮੇਸ਼ਾ ਰਹਿਣ ਵਾਲੇ ਅਤੇ ਆਨੰਦ ਦੇ ਸੱਚੇ ਪਰ ਮੋਕਸ਼ ਨੂੰ ਪ੍ਰਾਪਤ ਕਰ ਲੈਣ ਜਾਂ ਨਾ ਕਰਨ ਪਰ ਤੱਕ ਵੀ ਮੋਕਸ਼ ਉਨ੍ਹਾਂ ਤੋਂ ਦੂਰ ਨਹੀਂ ਹੋਵੇਗਾ।

(67)

ਸ਼ਿਲਾ ਅਕਾਸ਼ ਵਿੱਚ ਵੀ ਮੰਤਰ ਨਾਲ ਜਾਂ ਤੰਤਰ ਨਾਲ ਦੇਹ ਤੱਕ ਰੁਕ ਸਕਦੀ ਹੈ ਜੇ ਵਿਧਾਤਾ ਖੁਸ਼ ਹੋਵੇ ਤਾਂ ਬਾਹਾਂ ਨਾਲ ਸਮੁੰਦਰ ਵੀ ਤੈਰ ਕੇ ਪਾਰ

ਕੀਤਾ ਜਾ ਸਕਦਾ ਹੈ, ਗ੍ਰਹਿ ਦੇ ਯੋਗ ਨਾਲ ਅਕਾਸ਼ ਵਿੱਚ ਦਿਨ ਦੇ ਸਮੇਂ ਤਾਰੇ ਵਿਖਾਈ ਦੇ ਸਕਦੇ ਹਨ, ਪਰ ਹਿੰਸਾ ਰਾਹੀਂ ਕਲਿਆਣ ਦੀ ਖੁਸ਼ਬੂ ਕਦੇ ਪੈਦਾ ਨਹੀਂ ਕੀਤੀ ਜਾ ਸਕਦੀ, ਇਹ ਨਿਸ਼ਚਿਤ ਹੈ।

(68)

ਜਿਸ ਪ੍ਰਕਾਰ ਰਾਤ ਤੇ ਦਿਨ ਦਾ ਗਹਿਣਾ ਜੋਤੀ ਹੈ, ਉਸੇ ਪ੍ਰਕਾਰ ਸਾਧਵੀ ਅਤੇ ਮੁਨੀਆਂ ਦੇ ਲਈ ਅਖੰਡ ਸ਼ੀਲ ਗਹਿਣਾ ਹੈ।

(69)

ਵੇਸ਼ਿਆ ਧਨ ਨਾਲ, ਚੰਚਲ ਇਸਤਰੀ ਸ਼ੀਲ ਨਾਲ, ਰਾਜਾ ਨਿਆ ਨਾਲ ਅਤੇ ਮੁਨੀ ਚੰਗ ਆਚਰਨ ਨਾਲ ਸ਼ੋਭਾ ਨੂੰ ਪ੍ਰਾਪਤ ਕਰਦਾ ਹੈ।

(70)

ਜਦ ਤੱਕ ਦੁੱਖਾਂ ਦੇ ਕਸ਼ਟਾਂ ਤੋਂ ਅੰਗ ਕਮਜ਼ੋਰ ਨਹੀਂ ਹੁੰਦੇ, ਜਦ ਤੱਕ ਬੁਰਾ ਬੁਢਾਪਾ ਰੂਪੀ ਰਾਖਸ਼ ਇੰਦਰੀਅ ਨੂੰ ਕ੍ਰਿਆਸ਼ੀਲਤਾ ਨੂੰ ਕਮਜ਼ੋਰ ਨਹੀਂ ਕਰਦਾ, ਉਸ ਤੋਂ ਪਹਿਲਾਂ ਇਸੇ ਸਮੇਂ ਕਰਮਾਂ ਦੇ ਖ਼ਾਤਮੇ ਲਈ ਧਿਆਨ ਵਿੱਚ ਬਹੁਤ ਕੁਸ਼ਲ ਮਨੁੱਖਾਂ ਰਾਹੀਂ ਸਪੱਸ਼ਟ ਰੂਪ ਤੇ ਹਿਰਦੇ ਕਮਲ ਸਰੋਵਰ ਦੇ ਵਿਚਾਰਕ ਪੁਰਸ਼ ਰੂਪ ਤੋਂ ਨਿਰਮਲ ਪਦ ਦਾ ਧਿਆਨ ਕਰਨ ਯੋਗ ਹੈ।

(71)

ਆਗਿਆਨਤਾ ਨਾਲ ਢਕੇ ਚਿੱਤ ਵਾਲੇ, ਮੈਨੂੰ ਮਹਾਮੋਹ ਨੇ ਹਰਾ ਕੇ ਲਗਾਤਾਰ ਬਨਾਰਸ ਦੇ ਠੱਗ ਦੀ ਤਰ੍ਹਾਂ ਜੋ ਧੀਰਜ ਰੂਪੀ ਧਨ ਸੀ ਉਸ ਨੂੰ ਚੁਰਾ



ਲਿਆ, ਇਹ ਤਾਂ ਠੀਕ ਹੀ ਹੋਇਆ, ਪਰ ਇਹ ਵੀ ਤੇਰੇ ਲਈ ਠੀਕ ਹੋਵੇਗਾ, ਕਿ ਹੁਣ ਪੁੰਨ ਨਾਲ ਗੁਰੂ ਕ੍ਰਿਪਾ ਤੋਂ ਪ੍ਰਾਪਤ ਕਰਨ ਵਾਲੇ ਇਹ (ਮੇਰਾ) ਖਹਿੜਾ ਛੱਡ ਕੇ ਚੱਲਾ ਜਾਹ।

(72)

ਨਾਗ ਪਤਨੀਆਂ ਦੇ ਪਰਮ ਸੇਵਾ ਤੋਂ ਸ਼ੇਸ਼ਨਾਗ ਨੂੰ, ਲੱਛਮੀ ਦੇ ਵਿਲਾਸ ਪੂਰਵਕ ਮੈਲ ਦੀ ਸੈਕੜੇ ਸ਼ਿੰਗਾਰ ਵਾਲੀਆਂ ਹਰਕਤਾਂ ਤੋਂ ਵਿਸ਼ਨੂੰ ਨੂੰ ਦੇਵੀਆਂ ਦੀਆਂ ਰਸ ਪੂਰਵਕ ਖੇਡਾਂ ਤੋਂ ਇੰਦਰ ਨੂੰ, ਉਹ ਸੁੱਖ ਪ੍ਰਾਪਤ ਨਹੀਂ ਹੁੰਦਾ ਜੋ ਤੱਤਵ ਗਿਆਨ ਦੇ ਕਾਰਨ ਕਾਮ ਤੋਂ ਬਿਰਕਤ ਮਨ ਵਾਲੇ ਯੋਗੀਆਂ ਨੂੰ ਪ੍ਰਾਪਤ ਹੁੰਦਾ ਹੈ।

(73 - 74)

ਵਿਚਕਾਰੋਂ ਕਮਜ਼ੋਰ ਹੋਣ ਕਾਰਨ ਸੁੰਦਰੀ ਚੰਗੀ ਲੱਗਦੀ ਹੈ, ਤਪੱਸਿਆ ਕਾਰਨ ਕਮਜ਼ੋਰ ਮੁਨੀ ਅਤੇ ਮੂੰਹ ਤੋਂ ਕਮਜ਼ੋਰ ਹੋਣ ’ਤੇ ਘੋੜਾ ਸ਼ੋਭਾ ਪਾਉਂਦਾ ਹੈ, ਗਹਿਣਿਆਂ ਨਾਲ ਨਹੀਂ ਸੁੰਦਰੀ ਦੇ ਕੰਨਾਂ ਨੂੰ ਪਿਆਰੇ ਲੱਗਣ ਵਾਲੇ ਬਚਨਾਂ ਤੋਂ ਅਤੇ ਵਸਦੇ ਹੋਏ ਕ੍ਰੋਧ ਦੀ ਤੇਜ਼ੀ ਕਾਰਨ ਲਾਲ ਸੁੰਦਰਤਾ ਵਾਲੇ ਨੈਣਾਂ ਵਿੱਚ ਜੋ ਸ਼ੁਭਧਿਆਨ ਨਾਲ ਤਿਲ ਦੇ ਮੂਹਰਲੇ ਹਿੱਸੇ ਨੂੰ ਪ੍ਰਭਾਵਿਤ ਨਹੀਂ ਕੀਤਾ ਜਾ ਸਕਦਾ। ਰਾਗ ਦਵੇਸ਼ ਰਹਿਤ ਅਜਿਹਾ ਹੀ ਕੋਈ ਯੋਗੀ ਜਿੱਤ ਹਾਸਲ ਕਰਦਾ ਹੈ।

(75)

ਕਾਮ ਨੇ ਜਿਸ ਦੇ ਹਿਰਦੇ ਨੂੰ ਛਲਣੀ ਕੀਤਾ ਹੈ, ਅਤੇ ਕਾਮੀ ਲੋਕ ਕਮਜ਼ੋਰ ਸ਼ਰੀਰ ਵਾਲੀ ਇਸਤਰੀ ਦੇ ਕੁਟਲ ਲਾਲ ਅੱਖਾਂ ਦੇ ਕਾਰਨ, ਤ੍ਰਿਸਕਾਰ

(ਧੋਖੇ) ਰੂਪੀ ਪੰਜੇ ਵਾਲਾ, ਮੋਹ ਨਾਉਂ ਦਾ ਸ਼ੇਰ ਮਰਜ਼ੀ ਅਨੁਸਾਰ ਘੁੰਮਦਾ ਹੈ, ਉਸ ਸੰਸਾਰ ਰੂਪੀ ਜੰਗਲ ਵਿੱਚ ਰਹਿੰਦਾ ਕਿਹੜਾ ਜੀਵ ਸੁਖੀ ਹੋ ਸਕਦਾ ਹੈ ?

(91)

ਉਹ ਵਿਦਵਾਨ ਦਾ ਪੁੱਤਰ ਜੋ ਇੰਦਰਜੀਆਂ ਜੇਤੂ ਅਤੇ ਮਹਾਨ ਵਰਨ ਨੂੰ ਧਾਰਨ ਕਰਨ ਵਾਲਾ ਹੈ, ਉਹ ਹੀ ਇੱਕ ਦੇਵ ਹੈ। ਸਾਰੇ ਪਾਸੇ ਇੱਕ ਸਾਰ ਸੁੰਦਰਤਾ ਰੱਖਣ ਵਾਲੇ ਜਿਸ ਦੇਵ ਦੀ ਦ੍ਰਿਸ਼ਟੀਆਂ ਪਸ਼ੂ ਅਤੇ ਦੇਵ ਰਾਜ ਦੀ ਤਰ੍ਹਾਂ ਇੱਕੋ ਸਾਰ ਭਾਵ ਨਾਲ ਪੈਂਦੀ ਹੈ।

(92)

ਹੇ ਸੁੰਦਰ ਅੰਗਾਂ ਵਾਲੀ ! ਕਾਮ ਅੱਗ ਦੇ ਲਈ ਲੱਕੜੀ ਦਾ ਕੰਮ ਕਰਨ ਵਾਲੀ ਇਸ ਧੋਖੇ ਵਾਲੀਆਂ ਅੱਖਾਂ ਨੂੰ ਮੇਰੇ ਤੋਂ ਦੂਰ ਰੱਖੋ। ਹੁਣ ਮੈਂ ਮਨ ਵਿੱਚ ਪਵਿੱਤਰ ਵਿਵੇਕ ਦੀ ਕਲਾ ਵਿਲਾਸ ਫੁੱਟ ਰਿਹਾ ਹੈ।

(93)

ਇਸ ਧਰਤੀ 'ਤੇ ਵਿਸ਼ੇ ਵਿਕਾਰਾਂ ਦੀ ਗੁਲਾਮੀ ਹੀ ਉਹ ਨਰਕ ਹੈ ਜੋ ਪ੍ਰਤੱਖ ਵਿਖਾਈ ਦਿੰਦਾ ਹੈ। ਅਜਿਹੀ ਮਾਨਤਾ ਰੱਖਦੇ ਹੋਏ ਸਾਰੇ ਵਿਦਵਾਨ ਇਸ ਸੰਸਾਰ ਨੂੰ ਵਿਸ਼ਿਆਂ ਦੇ ਪ੍ਰਤੀ ਹਰ ਸਮੇਂ ਖੁਰਕ ਕਰਦੇ ਰਹਿੰਦੇ ਹਨ, ਜੇ ਸੱਚਮੁੱਚ ਅਜਿਹਾ ਹੈ ਤਾਂ ਨਾਰੀ ਦੇ ਵੱਸ ਰਹਿਣ ਵਾਲਾ ਅਤੇ ਖਾਜ ਦੀ ਤਰ੍ਹਾਂ ਸੁੱਖ ਦੇਣ ਵਾਲਾ ਵਿਸ਼ਿਆਂ ਨਾਲ ਫੁੱਟੀ ਅੱਗ ਰੂਪੀ ਬਲ ਨੂੰ ਚਬਾਉਣ ਵਾਲਾ ਮੂਰਖ ਪ੍ਰਾਣੀ ਭਲਾ ਉਨ੍ਹਾਂ ਦਾ ਤਿਆਗ ਹੀ ਕਿਉਂ ਨਹੀਂ ਕਰ ਦਿੰਦਾ ?



(79)

ਗਿਆਨ ਹੀ ਉੱਤਮ ਮਿੱਤਰ ਹੈ, ਕਾਮ ਹੀ ਦੁਸ਼ਮਣ ਹੈ। ਅਹਿੰਸਾ ਹੀ ਪਰਮ ਧਰਮ ਹੈ। ਇਸਤਰੀ ਹੀ ਸਭ ਤੋਂ ਵੱਡੀ ਬਿਮਾਰੀ ਹੈ।

(80)

ਹੇ ਕਾਮਦੇਵ ! ਤੈਨੂੰ ਧਿਕਾਰ ਹੈ, ਤੂੰ ਤਿੰਨ ਲੋਕਾਂ 'ਤੇ ਜਿੱਤ ਹਾਸਲ ਕਨ ਵਾਲਾ ਹ। ਅਜਿਹੇ ਖੇਡ ਰੂਪੀ ਰੋਗ ਨਾਲ ਫੁੱਲੇ ਹੋਏ ਤੇਰੇ ਮੂੰਹ ਨੂੰ ਹੁਣ ਕੌਣ ਵਿਦਵਾਨ ਵੇਖਣਾ ਚਾਹੇਗਾ। ਆਪਣੀ ਜਵਾਨੀ ਰੂਪੀ ਮਿੱਤਰ ਕੋਲ ਲਗਾਤਾਰ ਰਹਿੰਦੀ ਹੋਈ ਬੁਢਾਪੇ ਰੂਪੀ ਰਾਖਸ਼ ਦੇ ਮੂੰਹ ਅੰਦਰ ਪਏ ਨੂੰ ਵੇਖ ਕੇ ਤੁਸੀਂ ਆਪਣੀ ਧਨੁਸ਼ ਦੀ ਖੇਡ ਨੂੰ ਨਹੀਂ ਛੱਡਦੇ।

(81)

ਤ੍ਰਿਸ਼ਨਾ ਰੂਪੀ ਜਲ ਦੀ ਤਰੰਗਾਂ ਦੇ ਵਿਲਾਸ ਤੋਂ ਜਿਨ੍ਹਾਂ ਦੀ ਧੋਖੇ ਦੀਆਂ ਬੇਲਾਂ ਦੇ ਫੁੱਲ ਸ਼ੋਭਾ ਪਾਉਂਦੇ ਹਨ, ਅੱਖਾਂ ਤਿੱਖੇ ਬਾਨ ਅਤੇ ਮਿੱਠੇ ਵਾਕ ਸੁੰਦਰ ਬਾਲ ਅਤੇ ਭਰਵੱਟੇ ਰੂਪੀ ਪੱਲਵਾਂ ਵਾਲੀ ਹੁੰਦੀ ਹੈ ਜਿਨ੍ਹਾਂ ਦੇ ਤੁੱਛ ਹਿਰਦੇ ਵਿੱਚ ਕੋਈ ਮਨੁੱਖ ਨਹੀਂ ਸਮਾਉਂਦਾ ਤਾਂ ਕਿ ਉਸ ਜਗ੍ਹਾ ਨੂੰ ਹਿਰਦੇ ਤੋਂ ਬਾਹਰ ਕਰ ਦਿੱਤਾ ਹੈ। ਅਜਿਹੀ ਚੰਚਲ ਦ੍ਰਿਸ਼ਟੀ ਵਾਲੀ ਇਸਤਰੀਆਂ ਦਾ ਸੇਵਕ ਕੌਣ ਬੁੱਧੀ ਵਾਲਾ ਪੁਰਸ਼ ਕਰਨਾ ਚਾਹੇਗਾ।

(83)

ਹੇ ਕਾਮਦੇਵ ! ਹੁਣ ਤੂੰ ਕਿਉਂ ਬੇਅਰਥ ਹੀ ਚੜ੍ਹੀ ਹੋਈ ਡੋਰ ਵਾਲੇ ਧਨੁਸ਼ ਨੂੰ ਧਾਰਨ ਕਰਦਾ ਹੈਂ ? ਕਿਉਂ ਸੰਘਣ ਭਰਵੱਟੇ ਵਾਲੀਆਂ ਇਸਤਰੀਆਂ

ਦੇ ਭਰਵੱਟੇ ਦੀਆਂ ਨਾਚ ਕਲਾਵਾਂ ਵਿੱਚ ਮਹਾਰਤਾ ਦਾ ਅਭਿਆਸ ਕਰਦਾ ਹੈ, ਕਿਉਂਕਿ ਵੈਰਾਗ ਰੂਪੀ ਕਮਲ ਦੇ ਵਿਕਾਸ ਕਰਨ ਵਿੱਚ ਚਤੁਰ ਚੰਦਰਮਾ ਨੂੰ ਨਸ਼ਟ ਕਰਨ ਵਾਲਾ ਵਿਵੇਕ ਰੂਪੀ ਤੇਜ ਕਿਰਨਾਂ ਵਾਲਾ ਸੂਰਜ ਚੜ੍ਹ ਰਿਹਾ ਹੈ, ਹੁਣ ਤੇਰੇ ਜਿਹੇ ਦਾ ਉਤਸਵ ਦਾ ਮੌਕਾ ਕਿੱਥੇ ?

(84)

ਕਿਸੇ ਦੂਸਰੇ ਨਾਲ ਪ੍ਰੇਮ ਵਾਰਤਾ ਕਰਦੀ ਹੈ, ਕੁਝ ਕੁਝ ਇਸਤਰੀਆਂ ਨਾਲ ਕਿਸੇ ਦੂਸਰੇ ਨੂੰ ਸਪਰਸ਼ ਕਰਦੀ ਹੈ, ਹਿਰਦੇ ਤੋਂ ਕਿਸੇ ਹੋਰ ਦੇ ਸਬੰਧ ਬਾਰੇ ਸੋਚਦੀ ਹੈ, ਇਸ ਤਰ੍ਹਾਂ ਦੀਆਂ ਇਸਤਰੀਆਂ ਨੂੰ ਚੰਚਲ ਚਿੱਤ ਵਿਰਤੀ ਨੂੰ ਧਿਕਾਰ ਹੈ।

(85)

ਹੇ ਵਿਧਾਤਾ ! ਤੂੰ ਸੇਵਕਾਂ ਦੇ ਰਾਹੀਂ ਸਵਾਮੀ ਦੀ ਭੀਖ ਮੰਗਾਉਣ ਲਈ ਬਚਨਾਂ ਦਾ ਕ੍ਰਮ ਰਚਿਆ, ਉਨ੍ਹਾਂ ਦੀ ਪਰਿਕਰਮਾ ਦੇ ਲਈ ਪੈਰ ਬਣਾਏ ਅਤੇ ਕਰੋਧ ਨਾਲ ਲਾਲ ਚੇਹਰੇ ਨੂੰ ਵੇਖਣ ਦੇ ਲਈ ਸੇਵਕਾਂ ਵਾਲੀ ਅੱਖ ਬਣਾਈ। ਅਜਿਹੀ ਰਚਨਾ ਕਰਦੇ ਸਮੇਂ ਤੇਰੇ ਮਨ ਵਿੱਚ ਥੋੜ੍ਹਾ ਜਿਹਾ ਰਹਿਮ ਨਹੀਂ ਆਇਆ ਤਾਂ ਫਿਰ ਅਫ਼ਸੋਸ ਨੂੰ ਤੂੰ ਆਪਣੇ ਸੇਵਕਾਂ ਨੂੰ ਪਾਲਕਾਂ ਦੇ ਨਜ਼ਦੀਕ ਰੱਖਣ ਦੀ ਮਿਹਨਤ ਕਿਸ ਲਈ ਕੀਤੀ ?

(86)

ਪਾਗਲ ਚਿੱਤ ਵਾਲੇ ਮਨੁੱਖ ਦੇ ਲੋਭ ਦੇ ਕਾਰਨ ਥੋੜ੍ਹੇ ਜਿਹੇ ਧਨ ਦੀ ਰੱਖਿਆ ਦੇ ਲਈ ਅਨੇਕਾਂ ਕੋਸ਼ਿਸ਼ ਕਰਦਾ ਹੈ। ਉਨ੍ਹਾਂ ਲੱਖਾਂ ਕਰੋੜਾਂ ਪੈਸਿਆਂ ਤੇ



ਨਾ ਮਿਲਣ ਵਾਲੀ ਇਸ ਉਮਰ ਦਾ ਸਮਾਂ ਕੱਟ ਰਿਹਾ ਹੈ, ਪਰ ਇਸ ਵਿਸ਼ੇ 'ਤੇ ਬਿਲਕੁੱਲ ਸ਼ੰਕਾ ਨਹੀਂ ਹੋ ਸਕਦੀ।

(87)

ਹੇ ਭਰਾ ਕਰੋਧ ! ਤੂੰ ਆਪਣੇ ਰਹਿਣ ਲਈ ਕੋਈ ਹੋਰ ਜਗ੍ਹਾ ਤਲਾਸ਼ ਕਰ। ਹੇ ਭਰਾ ਅਭਿਮਾਨ ! ਤੁਸੀਂ ਵੀ ਇੱਥੋਂ ਚੱਲਦੇ ਬਣੋ। ਹੇ ਦੇਵੀ ਮਾਇਆ ! ਤੂੰ ਵੀ ਚਲੀ ਜਾਹ। ਹੇ ਮਿੱਤਰ ਲੋਭ ! ਤੂੰ ਵੀ ਆਪਣੀ ਮਨ ਮਰਜ਼ੀ ਦੀ ਜਗ੍ਹਾ 'ਤੇ ਜਾਹ। ਮੈਂ ਤਾਂ ਹੁਣ ਗੁਰੂਆਂ ਦੀ ਸ਼ਾਂਤ ਰਸਪੂਰਨ ਸੁੰਦਰ ਬਾਣੀ ਦੇ ਵੱਸ ਹੋ ਗਿਆ ਹਾਂ।

(88)

ਜੇ ਮਨ ਵੈਰਾਗ ਦੀ ਤਰੰਗਾਂ ਵਾਲਾ ਨਹੀਂ ਤਾਂ ਦਾਨ, ਤਪੱਸਿਆ ਬੇਕਾਰ ਹਨ। ਜੇ ਇਸਤਰੀਆਂ ਦੀ ਸੁੰਦਰਤਾ ਨਹੀਂ ਤਾਂ ਉਨ੍ਹਾਂ ਦੀ ਭਰਮ ਵਾਲੀ ਸ਼ਿੰਗਾਰ ਵਿਲਾਸਤਾ ਬੇਕਾਰ ਹੈ।

(89)

ਜੇ ਅੰਦਰਲਾ ਵਿਵੇਕ ਰੂਪੀ ਦੀਵੇ ਦੀਆਂ ਬੱਤੀਆਂ ਨੂੰ ਨਹੀਂ ਜਗਾਇਆ ਤਾਂ ਭਲਾ ਹੀ ਸਾਰੀਆਂ ਕਲਾਵਾਂ ਜਾਣ ਲਵੋਂ ਤਾਂ ਕੋਈ ਪ੍ਰਾਪਤ ਨਹੀਂ। ਜੇ ਕਠੋਰ ਤਪ ਵੀ ਕਰ ਲਿਆ ਤਾਂ ਕੀ ਪ੍ਰਾਪਤ ਕੀਤਾ ? ਕਲੰਕ ਰਹਿਤ ਕੀਰਤੀ ਹੈ ਤਾਂ ਕੀ ?

(90)

ਲੋਭ ਰੂਪੀ ਭਿਅੰਕਰ ਅਤੇ ਲੰਬੀ ਗੁਫਾ ਵਿੱਚ ਰਹਿਣ ਵਾਲੇ ਹੰਕਾਰ ਦਾ ਵਿਸਥਾਰ ਕਰਨ ਵਾਲਾ, ਕਾਮ ਤੇ ਲੋਭ ਰੂਪੀ ਚੰਚਲ ਅੱਖਾਂ ਵਾਲਾ, ਮਾਇਆ

ਨਹੀਂ। ਜਿਸ ਦਾ ਸਵਾਦ ਮੈਂ ਪਦਮਾਨੰਦੀ ਸ਼ਤਕ ਦੇ ਸੁਨਣ ਨਾਲ ਨਿਸ਼ਚੈ ਹੀ ਸਵੇਸ਼ਾਪੂਰਵਕ ਲਿਆ ਹੈ।



(94)

ਇਹ ਕਮਲ ਵਰਗੀ ਸੁੰਦਰ ਅੱਖਾਂ ਵਾਲੀ ਇਸਤਰੀ ਹੈ। ਇਹ ਉਹ ਬਸੰਤ ਕਾਲ ਹੈ, ਉਸ ਦੇ ਅੰਦਰ ਹੀ ਪਵਿੱਤਰ ਵਣ-ਭੂਮੀਆਂ ਹਨ। ਉਹ ਹੀ ਅਸੀਂ ਹਾਂ, ਉਹ ਹੀ ਮਿੱਤਰ ਹੈ। ਕਿਉਂਕਿ ਨਿਸ਼ਚੈ ਹੀ ਹਿਰਦੇ ਵਿੱਚ ਤੱਤਵ ਗਿਆਨ ਰੂਪੀ ਦੀਪਕ ਦਾ ਪ੍ਰਕਾਸ਼ ਉਤਪੰਨ ਹੋ ਗਿਆ ਹੈ। ਜਿਸ ਤੋਂ ਉਹ ਹਿਰਦਾ ਯੌਵਨ ਦੀ ਮਸਤੀਆਂ ਨੂੰ ਮਜ਼ਾਕ ਸਮਝਦਾ ਹੈ।

(95)

ਦੇਵਤਾ ਕੌਣ ਹੈ ? ਜਿਸ ਨੇ ਤਮੋ ਗੁਣ ਨੂੰ ਖ਼ਤਮ ਕਰ ਦਿੱਤਾ, ਸਤਿਗੁਰੂ ਕੌਣ ਸਤਿਗੁਰੂ ਹੈ ? ਜੋ ਸ਼ੁੱਧ ਮਾਰਗ ਦਾ ਉਪਦੇਸ਼ਕ ਹੈ। ਪਰਮ ਗਿਆਨ ਕਿਹੜਾ ਹੈ ? ਆਪਣੇ ਗੁਣ ਦੋਸ਼ਾਂ ਦਾ ਵਿਸ਼ੇਸ਼ ਗਿਆਨ ਹੀ ਵਿਗਿਆਨ ਹੈ।

(96)

ਜੋ ਨਾ ਤਾਂ ਰਹਿਮ ਦਿਲੀ ਰੂਪੀ ਸੋਨੇ ਤੋਂ ਬਣਿਆ ਹੈ, ਨਾ ਸੱਚੇ ਮਾਰਗ ਰੂਪੀ ਤਾਂਬੇ ਤੋਂ ਬਣਿਆ ਹੈ। ਜੋ ਨਾ ਸੰਜਮ ਰੂਪੀ ਲੋਹੇ ਤੋਂ ਪੈਦਾ ਹੋਇਆ ਹੈ, ਨਾ ਸੰਤੋਖ ਰੂਪੀ ਚਿਕਨੀ ਮਿੱਟੀ ਤੋਂ ਬਣਿਆ ਹੈ, ਜੋ ਤਪ ਵਿਧਾਨ ਨਾਲ ਤਪ ਰੂਪੀ ਅੱਗ ਤੇਜ ਕਰਨ ਵਿੱਚ ਯੋਗ ਨਹੀਂ, ਉਸ ਕੁਪਾਤਰ ਵਿੱਚ ਸਥਿਤ ਹੋ ਕੇ ਮਾਨਵ ਰੂਪੀ ਅਨਾਜ ਸਮੂਹ ਕਿਸ ਪ੍ਰਕਾਰ ਸਿੱਧੀ ਨੂੰ ਪ੍ਰਾਪਤ ਕੀਤਾ ਜਾ ਸਕਦਾ ਹੈ ?

(97)

ਹੇ ਮੋਹ ਤੋਂ ਜ਼ਖ਼ਮੀ ਜੀਵ ! ਹਾਂ, ਜੇ ਸ਼ਰਧਾ ਹੋਵੇ ਤਾਂ ਬਚਨ ਸੁਣ ਅਤੇ ਆਖ ਕਿ ਸੰਸਾਰ ਰੂਪੀ ਵਿਸ਼ਾਲ ਜੰਗਲ ਵਿੱਚ ਘੁੰਮਦੇ ਹੋਏ ਤੇਰੇ ਰਾਹੀਂ ਕੋਈ

ਚੰਗਾ ਫਲ ਪ੍ਰਾਪਤ ਕੀਤਾ ਗਿਆ ਹੈ। ਹੇ ਭਾਈ ! ਜੇ ਇਸ ਪ੍ਰਕਾਰ ਦਾ ਕੁਝ ਵੀ ਪ੍ਰਾਪਤ ਕੀਤਾ ਗਿਆ ਹੈ ਜੋ ਨਿਰਵਾਨ (ਮੁਕਤੀ) ਕਹਾ ਸਕੇ ਤਾਂ ਫਿਰ ਕਿਉਂ ਲਾਚਾਰ ਪੰਛੀ ਦੀ ਤਰ੍ਹਾਂ ਅਸਮਾਨ ਵਿੱਚ ਵੇਖ ਰਹੇ ਹੋ, ਜੋ ਚਲਾ ਗਿਆ ਹੈ, ਉਹ ਦੁਬਾਰਾ ਕੰਮ ’ਤੇ ਨਹੀਂ ਵਾਪਸ ਆਉਂਦਾ।

(98)

ਹੰਸ ਤੇ ਬਗੁਲਾ ਦੀ ਸਫ਼ੈਦੀ ਹੋਣ ’ਤੇ ਵੀ ਜਿਸ ਤਰ੍ਹਾਂ ਦੋਹਾਂ ਦੀ ਚਾਲ ਵਿੱਚ ਫ਼ਰਕ ਹੋ ਜਾਂਦਾ ਹੈ। ਕਾਂ ਅਤੇ ਕੋਇਲ ਦੀ ਤਰ੍ਹਾਂ ਕਾਲਾਪਣ ਹੋਣ ’ਤੇ ਵੀ ਬੋਲਣ ਕਾਨ ਭੇਦ ਸਪੱਸ਼ਟ ਹੋ ਜਾਂਦਾ ਹੈ, ਸੋਨਾ ਅਤੇ ਹਲਦੀ ਦੀ ਤਰ੍ਹਾਂ ਪੀਲਾਪਣ ਹੋਣ ’ਤੇ ਵੀ ਜਿਸ ਦੀ ਕੀਮਤ ਦਾ ਫ਼ਰਕ ਨਜ਼ਰ ਆਉਂਦਾ ਹੈ, ਉਸ ਪ੍ਰਕਾਰ ਮਨੁੱਖ ਵਿੱਚ ਬਰਾਬਰੀ ਹੋਣ ’ਤੇ ਗਿਆਨੀ ਅਤੇ ਦੁਸ਼ਟ ਗੁਣਾਂ ਦੇ ਕਾਰਨ ਦੂਰ ਤੋਂ ਹੀ ਭੇਦ ਜਾਣ ਗਿਆ ਜਾਂਦਾ ਹੈ।

(99)

ਹੇ ਸੁੰਦਰ ਸਰੀਰ ਵਾਲੀ ! ਤੇਰੀ ਨਜ਼ਰ ਪੈਂਦੇ ਹੀ ਮਰਨ ਵਾਲੇ ਉਹ ਲੋਕ ਹੋਰ ਹਨ ਜੋ ਧੀਰਜ ਬਰਤਨ ਵਿੱਚ ਨਹੀਂ ਠਹਿਰਦੇ, ਭਾਵ ਹੌਂਸਲਾ ਧੀਰਜ ਹਾਰ ਜਾਂਦੇ ਹਨ। ਪਰ ਪਵਿੱਤਰ ਵਿਵੇਕ ਤੋਂ ਪਵਿੱਤਰ ਚਿੱਤ ਵਾਲੇ ਇਹ ਲੋਕ ਹੋਰ ਹਨ। ਇਸ ਲਈ ਇਨ੍ਹਾਂ ਦੇ ਪ੍ਰਤੀ ਕਾਮੁਕ ਕਰਮ ਵਾਲੀਆਂ ਹਰਕਤਾਂ ਨਾਲ ਕਿਉਂ ਆਪਣਾ ਮਜ਼ਾਕ ਬਣਾਉਂਦੇ ਹੋ ?



(100)

ਕੀ ਕਦੇ ਮੇਰੇ ਲਈ ਉਹ ਸ਼ੁਭ ਦਿਨ ਆਏਗਾ ਜਦ ਲਗਾਤਾਰ ਸੱਚੇ ਧਿਆਨ ਨਾਲ ਮੇਰਾ ਮਨ ਭਰ ਜਾਵੇ ਅਤੇ ਮੁਕਤੀ ਰੂਪੀ ਹਿਰਨ ਦੀ ਅੱਖ ਦੇ ਆਨੰਦ ਬਿੰਦੂਆਂ ਨਾਲ, ਵਿਸ਼ਾਲ ਅੰਮ੍ਰਿਤ ਵਿਖਾਈ ਦੇਵੇ ?

(101)

ਜੋ ਹਮੇਸ਼ਾ ਸੁੰਦਰ, ਸੱਚੇ, ਸਪੱਸ਼ਟ ਅਤੇ ਲਗਾਤਾਰ ਬੋਲਦੇ ਹਨ, ਉਨ੍ਹਾਂ ਦੇ ਲਈ ਸਰਸਵਤੀ ਖ਼ੁਦ ਸਿੱਧ ਹੀ ਹੈ।

(102)

ਜੋ ਸਤਿਗੁਰੂ ਸ਼੍ਰੀ ਜਿਨਬੱਲਭ ਦੇ ਸ਼ਾਂਤ ਰਸ ਨਾਲ ਭਰਪੂਰ ਉਪਦੇਸ਼ਾਂ ਤੋਂ ਸਿੰਜਿਆ ਸੀ, ਜਿਨਾਂ ਨੇ ਲੱਛਮੀ ਨਾਲ ਭਰੇ ਨਾਗਪੁਰ ਵਿੱਚ ਸ਼੍ਰੀ ਨੇਮੀਨਾਥ ਦਾ ਸੁੰਦਰ ਮੰਦਿਰ ਬਣਾਇਆ, ਅਜਹੇ ਸ਼੍ਰੀ ਧਨਦੇਵ ਨਾਂ ਦੇ ਪ੍ਰਸਿੱਧ ਸੇਠ ਦੇ ਪੁੱਤਰ ਪਦਮਨੰਦੀ ਨੇ ਵਿਦਵਾਨਾਂ ਦੀ ਆਨੰਦ-ਸੰਪਤੀ ਲਈ ਇਸ ਸ਼ਤਕ ਦੀ ਰਚਨਾ ਕੀਤੀ।

(103)

ਹੇ ਮਿੱਤਰ ! ਹੋ ਜ਼ਿਆਦਾ ਕੀ ਆਖੀਏ ? ਇਹ ਆਨੰਦ ਨਾ ਤਾਂ ਪੂਰਨਮਾਸ਼ੀ ਦੇ ਚੰਦਰਮਾ ਦੀ ਤਰ੍ਹਾਂ ਮੂੰਹ ਵਾਲੀ ਪ੍ਰੇਮਿਕਾ ਦੇ ਮੁਖੜੇ ਤੋਂ ਮਿਲਿਆ, ਨਾ ਹੀ ਚੰਦਰਮਾ ਤੋਂ ਪੈਦਾ ਹੋਣ ਦੇ ਸਮੇਂ, ਨਾ ਚੰਦਨ ਦੇ ਰਸ ਦਾ ਲੇਪ ਕਰਨ ’ਤੇ ਮਿਲਿਆ ਹੈ, ਅਤੇ ਨਾ ਦਾਖਰਸ ਦੇ ਸਵਾਦ ਤੋਂ ਇਨ੍ਹਾਂ ਤੋਂ ਕਿਤੇ ਵੀ ਉਹ ਆਨੰਦ